T-7

ਸੋਹੰ ਹਰਿ ਸੋਹੰ

# 'ਕਹਿ ਰਵਿਦਾਸ ਕਵਨ ਗਤਿ ਮੋਰੀ'

(ਟ੍ਰੈਕਟ ਨੰਬਰ 7.)




ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਪ੍ਰਕਾਸ਼ਕ :
ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ
ਪਿੰਡ ਤੇ ਡਾ. ਬਿਨਪਾਲਕੇ ਨੇੜੇ ਭੋਗਪੁਰ
ਜ਼ਿਲ੍ਹਾ ਜਲੰਧਰ-144201

ਪਹਿਲੀ ਵਾਰ : 4000
ਜਨਵਰੀ 2001
ਕੀਮਤ :
ਆਪ ਪੜ੍ਹੋ ਅਤੇ ਹੋਰਨਾ ਨੂੰ ਪੜ੍ਹਾਉ

# ਗੂਜਰੀ ਸ੍ਰੀ ਰਵਿਦਾਸ ਜੀ ਕੇ ਪਦੇ ਘਰੁ ੩ ॥

ੴ ਸਤਿਗੁਰ ਪ੍ਰਸਾਦਿ ॥
ਦੂਧੁ ਤ ਬਛਰੈ ਥਨਹੁ ਬਿਟਾਰਿਓ ॥
ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥੧॥
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥
ਅਵਰੁ ਨ ਫੂਲੁ ਅਨੂਪੁ ਨ ਪਾਵਉ ॥੧॥ ਰਹਾਉ ॥
ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥
ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥੨॥
ਧੂਪ ਦੀਪ ਨਈਬੇਦਹਿ ਬਾਸਾ ॥
ਕੈਸੇ ਪੂਜ ਕਰਹਿ ਤੇਰੀ ਦਾਸਾ ॥੩॥
ਤਨੁ ਮਨੁ ਅਰਪਉ ਪੂਜ ਚਰਾਵਉ ॥
ਗੁਰ ਪਰਸਾਦਿ ਨਿਰੰਜਨੁ ਪਾਵਉ ॥ ੪॥
ਪੂਜਾ ਅਰਚਾ ਆਹਿ ਨ ਤੋਰੀ ॥
ਕਹਿ ਰਵਿਦਾਸ ਕਵਨ ਗਤਿ ਮੋਰੀ ॥੫॥੧॥

(ਸ਼੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੫੨੫)

ਪ੍ਰੋ. ਲਾਲ ਸਿੰਘ ਜੀ ਦਲਿਤ ਕੌਮ ਦੇ ਸੂਰਬੀਰ ਵਿਦਵਾਨ ਹਨ। ਉਨ੍ਹਾਂ ਨੇ ਦੋ ਅਮੁੱਲਕ ਹੀਰੇ (ਕਿਤਾਬਾਂ) ਦਲਿਤ ਕੌਮ ਦੀ ਝੋਲੀ ਪਾਏ ਹਨ ਉਹਨਾਂ ਦੀ ਪਹਿਲੀ ਪੁਸਤਕ 'ਸ਼੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਦਾ ਗੁਰੂ ਅਤੇ ਸ਼੍ਰੀ ਗੁਰੂ ਗਰੰਥ ਸਾਹਿਬ' ਹੈ ਅਤੇ ਦੂਸਰੀ ਪੁਸਤਕ 'ਸਟੀਕ ਬਾਣੀ ਸ਼੍ਰੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ' ਹੈ। ਪਹਿਲੀ ਕਿਤਾਬ ਵਿਚ ਪ੍ਰੋ. ਲਾਲ ਸਿੰਘ ਜੀ ਨੇ ਗੁਰੂ ਰਵਿਦਾਸ ਜੀ ਦੇ ਜੀਵਨ ਸਬੰਧੀ ਪਾਏ ਭੁਲੇਖਿਆਂ ਨੂੰ ਦੂਰ ਕੀਤਾ ਹੈ ਅਤੇ ਦੂਸਰੀ ਕਿਤਾਬ ਵਿਚ ਗੁਰੂ ਸਾਹਿਬ ਦੀ ਉਸ ਅਸਲੀ ਅਤੇ ਵਿਗਿਆਨਿਕ ਵਿਚਾਰਧਾਰਾ ਜਿਸ ਨੂੰ ਕੁਝ ਲੇਖਕਾਂ ਨੇ ਦਬਾਉਣ ਦੀ ਕੋਸ਼ਿਸ਼ ਕੀਤੀ, ਨੂੰ ਪ੍ਰਗਟ ਕੀਤਾ ਹੈ। ਸੋ ਗੁਰੂ ਰਵਿਦਾਸ ਪ੍ਰੇਮੀਆਂ ਨੂੰ ਅਸੀਂ ਬੇਨਤੀ ਕਰਦੇ ਹਾਂ ਕਿ ਪ੍ਰੋ. ਲਾਲ ਸਿੰਘ ਜੀ ਦੀਆਂ ਉਪਰੋਕਤ ਕਿਤਾਬਾਂ ਪੜ੍ਹੋ ਅਤੇ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਤੋਂ ਜਾਣੂ ਹੋਵੋ। ਪ੍ਰੋ. ਜੀ ਦੀ ਦਲਿਤ ਕੌਮ ਲਈ ਕੀਤੀ ਇਸ ਅਮੁਲਕ ਘਾਲਣਾ ਤੇ ਅਸੀਂ ਉਨ੍ਹਾਂ ਦੇ ਕੋਟਨ-ਕੋਟ ਧੰਨਵਾਦੀ ਹਾਂ।

ਪ੍ਰੋ. ਜੀ ਦੀ ਲਿਖੀ ਕਿਤਾਬ 'ਸਟੀਕ ਬਾਣੀ ਸ਼੍ਰੀ ਗੁਰੂ ਰਵਿਦਾਸ ਜੀ ਅਤੇ ਤੱਤ-ਸਿਧਾਂਤ ਵਿਚੋਂ ਅਸੀਂ ਗੁਰੂ ਰਵਿਦਾਸ ਜੀ ਦੇ ਉਪਰੋਕਤ ਸ਼ਬਦ ਦੀ ਵਿਆਖਿਆ ਛਾਪ ਰਹੇ ਹਾਂ। ਪ੍ਰੋ. ਲਾਲ ਸਿੰਘ ਜੀ ਅਨੁਸਾਰ ਇਸ ਸ਼ਬਦ ਵਿਚ ਗੁਰੂ ਸਾਹਿਬ ਨੇ ਵਿਸ਼ਵ ਨੂੰ ਪੂਜਾ ਸਮਗਰੀ ਦਾ ਇਕ ਨਵਾਂ ਸਿਧਾਂਤ ਦਿੱਤਾ ਹੈ, ਆਉ ਪਹਿਲਾਂ ਉਸ ਸਿਧਾਂਤ ਨੂੰ ਸਮਝਣ ਦੀ ਕੋਸ਼ਿਸ਼ ਕਰੀਏ।

# ਪੂਜਾ ਸਮਗਰੀ ਦਾ ਨਵਾਂ ਸਿਧਾਂਤ

ਇਸ ਸ਼ਬਦ ਵਿਚ ਹਿੰਦੂ ਧਰਮ ਅਨੁਸਾਰ ਮੂਰਤੀ ਜਾਂ ਦੇਵਤਾ ਦੀ ਪੂਜਾ ਲਈ ਵਰਤੀ ਜਾਂਦੀ ਪੂਜਾ ਸਮੱਗਰੀ ਨੂੰ ਰੱਦ ਕੀਤਾ ਗਿਆ ਹੈ ਕਿਉਂਕਿ ਜਿਥੇ ਦੁੱਧ ਦੇਣ ਵਾਲਾ ਜੀਵ ਹੈ, ਉਥੇ ਹੀ ਉਸ ਦਾ ਬੱਚਾ, ਉਸ ਨੂੰ ਪੀ ਕੇ ਜੂਠਾ ਕਰਨ ਵਾਲਾ ਵੀ ਮੌਜੂਦ ਹੈ; ਜਿਥੇ ਫੁੱਲ ਹੈ, ਉਥੇ ਭੌਰਾ ਵੀ ਉਸ ਦਾ ਰਸ ਪੀਣ ਲਈ ਮੌਜੂਦ ਹੈ ਅਤੇ ਜਿਥੇ ਪਾਣੀ ਹੈ ਉਥੇ ਹੀ ਪਾਣੀ ਅੰਦਰ ਜੀਵ ਪੈਦਾ ਹੋ ਜਾਂਦੇ ਹਨ। ਸੋ ਇਹ ਸੰਬੰਧ ਕੁਦਰਤੀ ਹੈ, ਅਟੁੱਟ ਹੈ। ਇਸ ਕਰਕੇ ਸਮੱਗਰੀ ਵਿਚ ਵਰਤੀਆਂ ਇਹ ਅਤੇ ਹੋਰ ਵਸਤਾਂ ਵੀ ਕਿਸੇ ਨਾ ਕਿਸੇ ਤਰ੍ਹਾਂ ਅਪਵਿੱਤਰ ਅਤੇ ਜੂਠੀਆਂ ਹਨ। ਇਸ ਲਈ ਇਸ ਦੀ ਥਾਂ ਤੇ ਨਵੀਂ ਨਕੋਰ ਅਚੰਭਾ ਕਰ ਦੇਣ ਵਾਲੀ ਪੂਜਾ ਸਮਗਰੀ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਦੀ ਪੂਜਾ ਸਮਗਰੀ ਹੈ ਤਨ ਅਤੇ ਮਨ। ਇਨ੍ਹਾਂ ਦੀ ਇਕਾਗਰਤਾ ਤੋਂ ਬਿਨਾਂ ਪ੍ਰਭ ਪ੍ਰਾਪਤੀ ਸੰਭਵ ਹੀ ਨਹੀਂ ਹੈ। ਦੂਜੇ, ਇਸ ਹਿੰਦੂ-ਧਰਮ ਦੀ ਸਮਗਰੀ ਨੂੰ ਨਾ ਵਰਤਣ ਦਾ ਕਾਰਣ, ਸਮਗਰੀ ਦਾ ਜੂਠਾ ਅਤੇ ਅਪਵਿੱਤਰ ਹੋਣਾ ਹੈ। ਇਹ ਦਲੀਲ, ਤਰਕ ਤੇ ਵੀ ਪੂਰੀ ਉਤਰਦੀ ਹੈ ਅਤੇ ਹੈ ਵੀ ਵਿਗਿਆਨਕ ਸੱਚ। ਗੁਰੂ ਰਵਿਦਾਸ ਜੀ ਦੇ ਇਸ ਵਿਗਿਆਨਕ ਸੱਚ ਨੂੰ ਝੁਠਲਾਇਆ ਨਹੀਂ ਜਾ ਸਕਦਾ।

ਸੋ ਗੁਰੂ ਜੀ ਨੇ ਹਿੰਦੂ ਧਰਮ ਦੀ ਪੂਜਾ ਸਮਗਰੀ ਨੂੰ ਤਰਕ ਅਤੇ ਵਿਗਿਆਨ ਦੇ ਆਧਾਰ ਤੇ ਰੱਦ ਕੀਤਾ ਹੈ। ਕਿਉਂਕਿ ਇਹ ਕੇਵਲ ਕਰਮ- ਕਾਂਡ ਹੈ। ਇਸ ਦੀ ਪ੍ਰਭ ਪੂਜਾ ਲਈ ਉੱਕਾ ਹੀ ਜ਼ਰੂਰਤ ਨਹੀਂ ਹੈ।

ਇਸ ਦੀ ਥਾਂ ਤੇ ਜੋ ਸਮਗਰੀ ਪ੍ਰਭ-ਪੂਜਾ ਲਈ ਗੁਰੂ ਰਵਿਦਾਸ ਜੀ ਨੇ ਜ਼ਰੂਰੀ ਕਰਾਰ ਦਿੱਤੀ ਹੈ ਉਹ ਤਰਕ ਯੁਕਤ ਵੀ ਹੈ ਅਤੇ ਵਿਗਿਆਨ ਤੇ ਵੀ ਪੂਰੀ ਉਤਰਦੀ ਹੈ। ਇਸ ਤੋਂ ਬਿਨਾਂ ਨਾ ਪੂਜਾ ਹੋ ਸਕਦੀ ਹੈ ਅਤੇ ਨਾ ਹੀ ਪ੍ਰਭ ਪ੍ਰਾਪਤੀ।

ਸੋ ਗੁਰੂ ਰਵਿਦਾਸ ਜੀ ਨੇ ਹਜ਼ਾਰਾਂ ਸਾਲਾਂ ਤੋਂ ਚਲੀ ਆ ਰਹੀ ਹਿੰਦੂ ਧਰਮ ਦੀ ਕਰਮ-ਕਾਂਡੀ ਪੂਜਾ ਸਮਗਰੀ ਨੂੰ ਰੱਦ ਕੀਤਾ ਹੈ, ਜਿਸ ਦੀ ਪ੍ਰਭ ਪ੍ਰਾਪਤੀ ਲਈ ਉੱਕਾ ਹੀ ਜ਼ਰੂਰਤ ਨਹੀਂ। ਇਸ ਦੀ ਥਾਂ ਤੇ ਇਕ ਨਵੀਂ ਨਕੋਰ ਤਰਕ ਯੁਕਤ ਅਤੇ ਵਿਗਿਆਨਕ ਸੱਚ ਦੀ ਧਾਰਨੀ ਪੂਜਾ ਸਮਗਰੀ ਪਵਿੱਤਰ ਤਨ ਅਤੇ ਮਨ ਪ੍ਰਦਾਨ ਕੀਤੀ ਹੈ। ਇਸ ਤੋਂ ਬਿਨਾਂ ਪ੍ਰਭ ਪ੍ਰਾਪਤੀ ਹੋ ਹੀ ਨਹੀਂ ਸਕਦੀ। ਇਹ ਪ੍ਰਭ ਪ੍ਰਾਪਤੀ ਲਈ ਅਟੱਲ ਸਿਧਾਂਤ ਹੈ।

**ਸ਼ਬਦ ਅਰਥ**-ਗੁਰੂ ਰਵਿਦਾਸ ਜੀ ਸਪੱਸ਼ਟ ਕਰਦੇ ਹਨ ਕਿ ਹਿੰਦੂ ਧਰਮ ਦੀ ਪੂਜਾ ਸਮਗਰੀ ਦੁੱਧ, ਫੁੱਲ, ਪਾਣੀ ਆਦਿ ਜੂਠੇ ਹੋਣ ਕਰਕੇ ਪ੍ਰਭ ਪੂਜਾ ਦੇ ਭੇਟ ਕਰਨ ਯੋਗ ਨਹੀਂ ਹਨ। ਵੱਛੇ, ਭੌਰੇ ਅਤੇ ਮੱਛੀ ਦਾ ਇਨ੍ਹਾਂ ਨਾਲ ਕੁਦਰਤੀ ਅਤੇ ਅਟੁੱਟ ਸੰਬੰਧ ਹੋਣ ਕਰਕੇ ਕੁਦਰਤ ਨੇ ਹੀ ਸਭ ਵਸਤਾਂ ਨੂੰ ਜੂਠਾ ਕਰ ਦਿੱਤਾ ਹੈ। ਇਸ ਲਈ ਇਹ ਵਸਤਾਂ ਬੁਨਿਆਦੀ ਤੌਰ ਤੇ ਅਪਵਿੱਤਰ ਅਤੇ ਜੂਠੀਆਂ ਹਨ। ਇਸ ਨਾਲ ਪ੍ਰਭ-ਪ੍ਰਾਪਤੀ ਨਹੀਂ ਹੋ ਸਕਦੀ॥੧॥

ਇਸ ਕਰਕੇ ਗੁਰੂ ਰਵਿਦਾਸ ਜੀ ਅਧੀਰ ਹੋ ਕਰੁਣਾ ਵਿਚ ਭਰਪੂਰ ਤੜਫ ਉਠਦੇ ਹਨ, 'ਹੇ ਮਾਈ! ਮੈਂ ਪ੍ਰਭ ਪੂਜਾ ਲਈ ਪੂਜਾ ਸਮਗਰੀ ਕਿਥੋਂ ਲੈ ਕੇ ਆਵਾਂ ? ਇਹ ਸਭ ਕੁਝ ਤਾਂ ਅਪਵਿੱਤਰ ਹੈ। ਹੋਰ, ਭਾਵ ਪਵਿੱਤਰ ਫੁੱਲ ਮਿਲ ਨਹੀਂ ਸਕਦੇ। ਕੀ ਮੈਂ ਇਸ ਪੂਜਾ ਸਮਗਰੀ ਬਿਨ੍ਹਾਂ ਤੈਨੂੰ ਪ੍ਰਾਪਤ ਨਹੀਂ ਕਰ ਸਕਾਂਗਾ॥੧॥ ਰਹਾਉ॥

ਇਥੇ ਹੀ ਬਸ ਨਹੀਂ, ਉਪਰੋਕਤ ਪੂਜਾ ਸਮਗਰੀ ਵਿਚ ਚੰਦਨ ਅਤੇ ਅੰਮ੍ਰਿਤ ਨੂੰ ਸ਼ਾਮਲ ਕੀਤਾ ਗਿਆ ਹੈ। ਹੇ ਪ੍ਰਭ! ਚੰਦਨ ਅਤੇ ਅੰਮ੍ਰਿਤ ਤਾਂ ਭੈੜੇ ਸੰਗ ਕਰਕੇ ਅਪਵਿੱਤਰ ਅਤੇ ਜੂਠੇ ਹਨ। ਚੰਦਨ ਨਾਲ ਲਿਪਟੇ ਵਿਸ਼ੈਲੇ ਸੱਪਾਂ ਨੇ ਆਪਣੀ ਵਿਸ਼ ਨਾਲ ਚੰਦਨ ਨੂੰ ਜੂਠਾ ਅਤੇ ਅਪਵਿੱਤਰ ਕਰ ਦਿੱਤਾ ਹੈ। ਪਾਣੀ, ਮਾਰ ਦੇਣ ਵਾਲੀ ਹਾਈਡਰੋਜਨ ਅਤੇ ਜੀਵਨ-ਦਾਤਾ ਆਕਸੀਜਨ ਦੇ ਸੰਜੋਗ ਨਾਲ ਬਣਿਆ ਹੋਇਆ ਭਾਵ ਵਿਸ਼ ਅਤੇ ਅੰਮ੍ਰਿਤ ਇਕ ਥਾਂ ਵਸਦੇ ਹਨ। ਇਸ ਨਾਲ ਵੀ ਤੇਰੀ ਪੂਜਾ ਨਹੀਂ ਹੋ ਸਕਦੀ॥੨॥

ਧੂਪ, ਚਰਾਗ ਅਤੇ ਨਾਈਬੇਦ (ਪ੍ਰਸਾਦ) ਮਨੁੱਖ ਦੀ ਆਪਣੀ ਉਪਜ ਹੈ। ਇਸ ਦੀ ਤਿਆਰੀ ਸਮੇਂ ਹੀ ਇਹ ਅਪਵਿੱਤਰ ਹੋ ਜਾਂਦੀਆਂ ਹਨ। ਦੂਜੇ, ਪੂਜਾ ਚੜ੍ਹਾਉਣ ਵਾਲਾ ਜੀਵ ਪ੍ਰਭ ਨੂੰ ਇਹ ਸਮਗਰੀ ਅਰਪਨ ਕਰਨ ਤੋਂ ਪਹਿਲਾਂ ਹੀ ਇਸ ਦੀ ਸੁਗੰਧੀ ਲੈ ਕੇ ਇਸ ਨੂੰ ਅਪਵਿੱਤਰ ਕਰ ਦਿੰਦਾ ਹੈ। ਇਸ ਕਰਕੇ ਹੇ ਪ੍ਰਭ! ਇਹ ਵਸਤਾਂ ਵੀ ਤੇਰੇ ਭੇਂਟ ਕਰਨ ਯੋਗ ਨਹੀਂ ਹਨ।

ਹਰ ਕਿਸਮ ਦੀ ਸਮਗਰੀ ਨੂੰ ਰੱਦ ਕਰਨ ਪਿਛੋਂ ਗੁਰੂ ਰਵਿਦਾਸ ਜੀ ਪ੍ਰਭ ਪਾਸੋਂ ਪੁਛਦੇ ਹਨ ਕਿ ਹੇ ਪ੍ਰਭ! ਤੇਰਾ ਦਾਸ, ਹੁਣ ਤੇਰੀ ਪੂਜਾ ਕਿਵੇਂ ਕਰੇ? ਹੁਣ ਮੈਂ ਤੈਨੂੰ ਕਿਵੇਂ ਪ੍ਰਾਪਤ ਕਰਾਂਗਾ ?॥੩॥

ਹੁਣ ਗੁਰੂ ਰਵਿਦਾਸ ਜੀ ਆਪਣੀ ਪੂਜਾ ਸਮਗਰੀ ਪ੍ਰਭ ਨੂੰ ਭੇਂਟ ਕਰਦੇ ਹਨ। ਹੇ ਪ੍ਰਭ! ਤੇਰਾ ਦਾਸ, ਤੇਰੀ ਪੂਜਾ ਲਈ ਆਪਣਾ ਤਨ ਅਤੇ ਮਨ ਅਰਪਣ ਕਰਦਾ ਹੈ। ਗੁਰੂ ਦੀ ਕਿਰਪਾ ਨਾਲ ਜਦੋਂ ਇਹ ਚੜ੍ਹਾਵਾ ਪ੍ਰਭ ਨੂੰ ਪ੍ਰਵਾਨ ਹੋਵੇਗਾ, ਉਦੋਂ ਹੀ ਮੈਂ ਪ੍ਰਭ ਨੂੰ ਪ੍ਰਾਪਤ ਕਰ ਸਕਾਂਗਾ॥੪॥

ਇਸ ਲਈ ਹੇ ਪ੍ਰਭ! ਦੁੱਧ, ਫੁੱਲ, ਜਲ, ਚੰਦਨ, ਅੰਮ੍ਰਿਤ, ਧੂਪ, ਚਰਾਗ, ਨਈਬੇਦ (ਪ੍ਰਸਾਦ) ਆਦਿ ਜੂਠੇ ਅਤੇ ਅਪਵਿੱਤਰ ਹੋਣ ਕਰਕੇ ਤੇਰੀ ਪੂਜਾ ਲਈ ਚੜ੍ਹਾਉਣ ਦੇ ਯੋਗ ਨਹੀਂ ਹਨ। ਇਹ ਤੇਰੀ ਪੂਜਾ ਲਈ ਉੱਕਾ ਹੀ ਜ਼ਰੂਰੀ ਨਹੀਂ ਹਨ-

'ਪੂਜਾ ਅਰਚਾ ਆਹਿ ਨ ਤੋਰੀ॥'

ਜੇ ਇਹੋ ਵਸਤਾਂ ਤੇਰੀ ਪੂਜਾ ਲਈ ਜ਼ਰੂਰੀ ਹੁੰਦੀਆਂ ਤਾਂ ਇਨ੍ਹਾਂ ਪਵਿੱਤਰ ਵਸਤਾਂ ਦੀ ਉਪਲਬਧੀ ਨਾ ਹੋਣ ਕਾਰਣ ਤੇਰੀ ਪੂਜਾ ਹੀ ਨਹੀਂ ਸੀ ਹੋ ਸਕਣੀ। ਅਜਿਹੀ ਸਥਿਤੀ ਵਿਚ ਮੇਰਾ ਕੀ ਹਾਲ ਹੁੰਦਾ ?

ਸੋ ਮੈਂ ਇਨ੍ਹਾਂ ਵਸਤੂਆਂ ਦੀ ਥਾਂ ਆਪਣਾ ਤਨ ਅਤੇ ਮਨ ਪੂਜਾ ਲਈ ਭੇਂਟ ਚੜ੍ਹਾਉਂਦਾ ਹਾਂ ਅਤੇ ਪ੍ਰਭ-ਪ੍ਰਾਪਤੀ ਦੀ ਬਖਸ਼ਿਸ਼ ਲਈ ਅਰਾਧਨਾ ਕਰਦਾ ਹਾਂ॥੫॥੧॥

ਇਸ ਪਾਵਨ ਸ਼ਬਦ ਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਨੇ ਸਾਨੂੰ 600 ਸਾਲ ਪਹਿਲਾਂ ਹੀ ਵਿਗਿਆਨਿਕ ਅਤੇ ਤਰਕਸ਼ੀਲ ਵਿਚਾਰਧਾਹਰਾ ਨਾਲ ਜੋੜਿਆ ਹੈ, ਪਰ ਅਸੀਂ ਮੂਰਖ ਅੱਜ ਵੀ ਮੜੀਆਂ ਮਸਾਣਾ ਤੇ ਹੋਰ ਥਾਵਾਂ ਤੇ ਦੀਵੇ ਜਗਾਉਂਦੇ ਹਾਂ, ਧਾਰਮਿਕ ਫੋਟੋ, ਮੂਰਤੀਆਂ ਨੂੰ ਧੂਪ, ਫੁੱਲ, ਦੁੱਧ, ਪਾਣੀ ਆਦਿ ਜੂਠੇ ਤੇ ਅਪਵਿੱਤਰ ਪਦਾਰਥ ਅਰਪਨ ਕਰਦੇ ਹਾਂ ਅਤੇ ਪੂਜਾ ਕਰਦੇ ਹਾਂ। ਜੇਕਰ ਅਸੀਂ ਹੁਣ ਵੀ (ਇਸ ਪਾਵਨ ਸ਼ਬਦ ਦੀ ਵਿਆਖਿਆ ਪੜ੍ਹਨ ਤੋਂ ਬਾਦ) ਉਪਰੋਕਤ ਕਰਮ ਕਾਂਡ ਕਰਾਂਗੇ ਤਾਂ ਗੁਰੂ ਰਵਿਦਾਸ ਜੀ ਸਾਨੂੰ ਕਦੇ ਮਾਫ ਨਹੀਂ ਕਰਨਗੇ।

# ਅੱਗੇ ਜ਼ਾਤ ਨਾ ਜ਼ੋਰ ਹੈ

ਸ. ਵਣਜਾਰਾ ਬੇਦੀ ਪੰਜਾਬੀ ਦੇ ਉੱਚ ਕੋਟੀ ਦੇ ਲੇਖਕ ਹਨ। ਆਪ ਨੇ ਹੁਣ ਤੱਕ ਦਰਜਨਾਂ ਪੁਸਤਕਾਂ ਲਿਖਕੇ ਪੰਜਾਬੀ ਸਮਾਜ ਦੀ ਸੇਵਾ ਕੀਤੀ ਹੈ। ਉਹਨਾਂ ਦੀ 'ਵਿਰਸੇ ਦੀ ਫੁਲਕਾਰੀ' ਨਾਮੀ ਪੁਸਤਕ 1997 ਵਿਚ ਪ੍ਰਕਾਸ਼ਿਤ ਹੋਈ ਹੈ। ਜਿਸ ਪੁਸਕਤ ਵਿਚ ਕਈ ਲੇਖ ਹਨ। ਇਕ ਲੇਖ 'ਅੱਗੇ ਜ਼ਾਤ ਨਾ ਜ਼ੋਰ ਹੈ' ਹੈ। ਉਸ ਦਾ ਕੁਝ ਹਿੱਸਾ ਅਸੀਂ ਇਥੇ ਛਾਪਣ ਦੀ ਖੁਸ਼ੀ ਲੈ ਰਹੇ ਹਾਂ।

ਪੇਸ਼ਕਸ਼-ਰਛਪਾਲ ਸਿੰਘ ਬੱਧਣ

ਇਕ ਆਰਿਆਈ ਮਿਥਕ ਕਥਾ ਅਨੁਸਾਰ ਜਦੋਂ ਸੰਸਾਰ ਵਿਚ ਮਨੁੱਖ ਦੀ ਰਚਨਾ ਹੋਈ ਤਾਂ ਬ੍ਰਾਹਮਣ ਬ੍ਰਹਮਾ ਦੇ ਮੂੰਹ ਵਿਚੋਂ ਪੈਦਾ ਹੋਇਆ, ਵੈਸ਼ ਪੇਟ ਵਿਚੋਂ ਖਤਰੀ ਬਾਹਵਾਂ ਵਿਚੋਂ ਅਤੇ ਸ਼ੂਦਰ ਪੈਰਾਂ ਵਿਚੋਂ ਜ਼ਾਹਿਰ ਹੈ ਕਿ ਪੈਰਾਂ ਵਿਚੋਂ ਉਦੇ ਹੋਇਆ ਮਨੁੱਖ, ਮੂੰਹ ਵਿਚੋਂ ਪੈਦਾ ਹੋਏ ਮਨੁੱਖ ਨਾਲ ਬਰਾਬਰੀ ਨਹੀਂ ਕਰ ਸਕਦਾ। ਇਹ ਕਥਾ ਸ਼ਾਇਦ ਬ੍ਰਾਹਮਣਾਂ ਨੇ ਆਪਣਾ ਗੌਰਵ ਦਰਸਾਣ ਲਈ ਘੜੀ, ਪਰ ਜਿਸ ਸਮੂੰਹ ਨੇ ਇਹ ਮਿੱਥ ਸਿਰਜੀ, ਉਹ ਇਹ ਗੱਲ ਭੁੱਲ ਗਿਆ ਕਿ ਭਾਰਤੀ ਅਧਿਆਤਮਕਵਾਦ ਵਿਚ ਚਰਨਾਂ ਨੂੰ ਸਭ ਤੋਂ ਜ਼ਿਆਦਾ ਮਾਨਤਾ ਪ੍ਰਾਪਤ ਹੈ। ਪੁਰਾਣਾ ਅਨੁਸਾਰ ਮਾਨਵ ਦੇ ਅੰਦਰ ਜੋ ਦੈਵੀ ਕਣੀ ਤੇ ਪ੍ਰਤਿਭਾ ਹੈ, ਉਹ ਰਹੱਸਮਈ ਢੰਗ ਨਾਲ ਚਰਨਾਂ ਦੁਆਰਾ ਬਾਹਰ ਨਿਕਲਦੀ ਰਹਿੰਦੀ ਹੈ ਅਤੇ ਅਸੀਂ ਚਰਨਾਂ ਉੱਤੇ ਮੱਥਾ ਟੇਕ ਕੇ ਜਾਂ ਚਰਨ ਧੂੜੀ ਮੱਥੇ ਲਗਾ ਕੇ ਉਸ ਕਣੀ ਨੂੰ ਗ੍ਰਹਿਣ ਕਰਦੇ ਹਾਂ। ਇਸ ਦਾ ਭਾਵ ਤਾਂ ਇਹ ਹੋਇਆ ਕਿ ਬ੍ਰਹਮਾਦੀ ਦੈਵੀ ਕਣੀ ਵੀ ਉਨ੍ਹਾਂ ਦੇ ਅੰਦਰੋਂ ਚਰਨਾਂ ਦੁਆਰਾ ਨਿਕਲਦੀ ਹੈ ਤੇ ਚਰਨਾਂ ਵਿਚੋਂ ਉਪਜਿਆ ਸ਼ਖਸ ਸਭਨਾ ਤੋਂ ਉਤਮ ਹੈ। ਉਸੇ ਵਿਚ ਹੀ ਬ੍ਰਹਮਾ ਦੀ ਦੈਵੀ ਕਣੀ ਅਥਵਾ ਜੋਤ ਵਿਦਮਾਨ ਹੈ। ਇਸ ਸੰਕਲਪ ਅਨੁਸਾਰ ਤਾਂ ਸ਼ੂਦਰ ਸਭ ਜਾਤਾਂ ਵਿਚੋਂ ਉਤਮ ਜਾਤ ਹੋਈ। ਇਹ ਗੱਲ ਸ਼ਾਇਦ ਲੋਕਾਂ ਦੀ ਸਮਝ ਵਿਚ ਪੈ ਗਈ ਸੀ। ਜਾਂ ਫਿਰ ਸ਼ੂਦਰ ਦੇ ਲਹੂ ਪਸੀਨਾ ਇਕ ਕਰਕੇ ਕਰੜੀ ਘਾਲਣਾ ਸਦਕਾ ਉਸ ਦੀ ਕਿਰਤ ਦੀ ਮਾਨਤਾ ਸਿਧ ਹੋ ਗਈ ਸੀ। ਇਸੇ ਲਈ ਲੋਕ-ਮਾਨਸ ਨੇ ਜਿਵੇਂ ਕਿਵੇਂ ਅਨੁਭਵ ਕਰ ਲਿਆ ਕਿ ਸਫਰ ਕਰਨ ਵੇਲੇ ਜਾਂ ਕੰਮ-ਧੰਦੇ ਉਤੇ ਜਾਣ ਲਗਿਆ, ਅੱਗੋਂ ਸ਼ੂਦਰ ਮਿਲੇ ਤਾਂ ਇਹ ਸ਼ਗਨ ਕੰਮ ਵਿਚ ਸਫਲਤਾ ਪ੍ਰਾਪਤ ਹੋਣ ਦਾ ਸੂਚਕ ਹੈ। ਪਰ ਜੇ ਅੱਗੋਂ ਬ੍ਰਾਹਮਣ ਮਿਲ ਜਾਵੇ ਤਾਂ ਕੰਮ ਸਿਰੇ ਨਹੀਂ ਚੜ੍ਹਦਾ। ਪਰ ਜਾਪਦਾ ਇਹ ਹੈ ਕਿ ਬੁੱਧ ਧਰਮ ਦੀ ਚੜ੍ਹਤ ਵੇਲੇ, ਜਦੋਂ ਲੋਕ ਬ੍ਰਾਹਮਣੀਵਾਦ ਦੇ ਵਿਰੋਧ ਵਿਚ ਖੜੇ ਹੋ ਗਏ ਸਨ ਤਾਂ ਬ੍ਰਾਹਮਣਾਂ ਨੂੰ ਮੁਢੋਂ ਹੀ ਨਿਕਾਰਨ ਲਈ ਉਨ੍ਹਾਂ ਦੇ ਮੱਥੇ ਲਗਣਾ ਕੁਸ਼ਗਨਾ ਮੰਨਿਆ ਜਾਣ ਲੱਗਾ ਅਤੇ ਸ਼ੂਦਰ ਜੋ ਸਭ ਤੋਂ ਨੀਵੀਂ ਜਾਤੀ ਸਮਝੀ ਜਾਂਦੀ ਸੀ ਦੀ ਮਿਹਨਤ ਤੇ ਕਿਰਤ ਨੂੰ ਵਡਿਆਣ ਲਈ ਉਨ੍ਹਾਂ ਦਾ ਮੱਥੇ ਲਗਣਾ ਸ਼ੁਭ ਸਮਝਿਆ ਜਾਣ ਲੱਗਾ। ਇਕ ਮੁਫਤ ਦਾ ਹਲਵਾ ਮੰਡਾ ਖਾਣ ਵਾਲਾ ਪਖੰਡੀ ਤੇ ਦੂਜਾ ਲਹੂ ਪਸੀਨਾ ਇਕ ਕਰਕੇ ਪੇਟ ਪਾਲਣੇ ਵਾਲਾ ਕਿਰਤੀ। ਪੋਖੇ ਵੇਲੇ ਵਡਿਆਈ ਕਿਰਤ ਅਥਵਾ ਸ਼ੂਦਰ ਨੂੰ ਹੀ ਮਿਲੀ। ਲੋਕਾਂ ਵਿਚ ਉਭਰੀ ਨਵੀਂ ਚੇਤਨਾ, ਜੋ ਲੋਕ-ਵਿਸ਼ਵਾਸ ਦੀ ਸ਼ਕਲ ਵਿਚ ਅੱਜ ਤੱਕ ਮੌਜੂਦ ਹੈ, ਮਾਨਵਤਾ ਦੇ ਇਤਿਹਾਸ ਵਿਚ ਇਕ ਅਹਿਮ ਪੜਾ ਸੀ— ਮਨੁੱਖ

ਨੂੰ ਉਸ ਦੀ ਕਿਰਤ ਤੋਂ ਪਛਾਣਨਾ ਤੇ ਵਡਿਆਣਾ। ਇਹ ਮਨੁੱਖ ਦਾ ਇਕ ਨਵੀਂ ਦਿਸ਼ਾ ਵਲ ਕਦਮ ਸੀ। ਜਾਤਾਂ ਦੀ ਵੰਡ ਨੇ ਤਾਂ ਭਾਰਤ ਦੀ ਸਮੂਹ ਸ਼ਕਤੀ ਦੇ ਹੜ੍ਹ ਨੂੰ ਬਿਖੇਰ ਕੇ ਛੂਹੀਂ ਛੂਹੀਂ ਕਰ ਦਿੱਤਾ ਸੀ। ਦੇਸ਼ ਖੱਖੜੀ ਵਾਂਗ ਅੰਦਰੋਂ ਵੰਡਿਆ ਰਿਹਾ। ਹਰੇਕ ਜ਼ਾਤ ਆਪਣੀ ਹਉਂ ਦਾ ਮੂੰਹ ਹੀ ਚੁੰਮਦੀ ਰਹੀ। ਪਰ ਪੰਜਾਬ ਵਿਚ ਜ਼ਾਤ-ਪਾਤ ਦੀ ਪਾਲਨਾ ਵਿਚ ਉਤਨੀ ਕਰੜਾਈ ਨਹੀਂ ਸੀ, ਜਿਤਨੀ ਦੱਖਣ ਵਿਚ। ਪੰਜਾਬ ਉੱਤੇ ਨਿਤ ਨਵੇਂ ਹੱਲੇ ਹੁੰਦੇ ਰਹੇ। ਧਾੜਵੀ ਕਬੀਲਿਆਂ ਦੀਆਂ ਵਹੀਰਾਂ ਹਮੇਸ਼ਾ ਸਿਰ ਤੇ ਚੜ੍ਹੀਆਂ ਰਹੀਆਂ। ਸਭ ਜ਼ਾਤਾਂ ਨੂੰ ਇਕਮੁੱਠ ਹੋ ਕੇ ਆਪਣੀ ਰਖਿਆ ਲਈ ਜੂਝਣਾ ਪੈਂਦਾ। ਬਾਹਰੋਂ ਆਏ ਕਬੀਲਿਆਂ ਦੇ ਲੋਕ ਹੌਲੇ-ਹੌਲੇ ਇਥੋਂ ਦੀ ਵਸੋਂ ਦਾ ਹਿੱਸਾ ਬਣਦੇ ਰਹੇ।

ਇਤਿਹਾਸ ਨੇ ਪੰਜਾਬ ਨੂੰ ਵਿਜਾਤੀ ਸਰੂਪ ਦੇ ਦਿੱਤਾ। ਪਰ ਜ਼ਾਤ ਦੇ ਜ਼ੋਰ ਦਾ ਰੰਗ ਤਾਂ ਦੱਖਣ ਵਲ ਚੰਗਾ ਨਿਖਰਿਆ। ਦੱਖਣ ਵਿਚ ਤਾਂ ਇਸੇ ਸਦੀ ਦੇ ਆਰੰਭ ਤੱਕ ਰਾਹ ਚਲਦੇ ਸ਼ੂਦਰ ਦਾ ਪਰਛਾਵਾਂ ਵੀ ਨਹੀਂ ਸੀ ਕਬੂਲਿਆ ਜਾਂਦਾ। ਜੇ ਕਿਸੇ ਕੁਲੀਨ ਜਾਤੀ ਦੇ ਵਿਅਕਤੀ ਉਤੇ ਸ਼ੂਦਰ ਦਾ ਸਾਇਆ ਵੀ ਪੈ ਜਾਂਦਾ ਤਾਂ ਉਹ ਚੰਗਾ ਭਲਾ ਮਨੁੱਖ ਆਪਣੇ ਆਪ ਨੂੰ ਭ੍ਰਿਸ਼ਟ ਹੋ ਗਿਆ ਸਮਝਦਾ। ਬਹੁਤੀ ਪੁਰਾਣੀ ਗੱਲ ਨਹੀਂ, ਜਦੋਂ ਸ਼ੂਦਰ ਆਪਣੀ ਪਿੱਠ ਨਾਲ ਬੁਹਾਰੀ ਬੰਨ੍ਹ ਕੇ ਤੁਰਦੇ ਸਨ ਤਾਂ ਜੋ ਉਨ੍ਹਾਂ ਦੇ ਪੈਰਾਂ ਦੇ ਚਿੰਨ੍ਹ ਉਨ੍ਹਾਂ ਦੇ ਨਾਲ ਹੀ ਮਿਟਦੇ ਜਾਣ ਤੇ ਉਸ ਰਾਹ ਤੇ ਤੁਰਦਾ ਕੋਈ ਸਵਰਨ ਜਾਤੀ ਦਾ ਹਿੰਦੂ ਭ੍ਰਿਸ਼ਟ ਨਾ ਹੋ ਜਾਵੇ। ਪੰਜਾਬ ਵਿਚ ਤਾਂ 'ਅੱਵਲ ਅੱਲਾ ਨੂਰ ਉਪਾਇਆ ਕੁਦਰਤ ਦੇ ਸਭ ਬੰਦੇ, ਏਕ ਨੂਰ ਤੇ ਸਭ ਜਗ ਉਪਜਿਆ ਕੌਣ ਭਲੇ ਕੌਣ ਮੰਦੇ ਅਤੇ 'ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ' ਦੀ ਮਾਨਵਵਾਦੀ ਰੁਚੀ ਨੇ ਜਾਤੀ ਵਾਦ ਨੂੰ ਗਰਿਹੀ ਸਟ ਮਾਰੀ।

## ਮੇਰੇ ਰਮਈਏ ਰੰਗੁ ਮਜੀਠ ਕਾ

ਹਰ ਇਕ ਕੌਮ ਵਿਚ ਏਕਾ ਹੋਣਾ ਅਤੀ ਜ਼ਰੂਰੀ ਹੈ। ਜਿਸ ਕੌਮ ਵਿਚ ਏਕਾ ਨਹੀਂ ਹੈ ਉਹ ਆਪਣੇ ਮਿਸ਼ਨ ਵਿਚ ਕਦੇ ਕਾਮਯਾਬ ਨਹੀਂ ਹੋ ਸਕਦੀ। ਏਕੇ ਤੋਂ ਬਿਨਾਂ ਕੋਈ ਵੀ ਮੰਜ਼ਿਲ ਸਰ ਨਹੀਂ ਕੀਤੀ ਜਾ ਸਕਦੀ। ਏਕੇ ਵਿਚ ਹੀ ਬਰਕਤ ਹੈ। ਇਸੇ ਕਰਕੇ ਸਿਆਣਿਆਂ ਨੇ ਕਿਹਾ ਹੈ ਕਿ ਇਕ ਇਕੱਲਾ ਤੇ ਦੋ ਗਿਆਰਾਂ ਹੁੰਦੇ ਹਨ। ਜਿਥੇ ਸਾਡੀ ਕੌਮ ਦੀ ਵਿਚਾਰਧਾਰਾ ਵਿਚ ਏਕਾ ਹੋਵੇ ਉਥੇ ਕੌਮ ਵਲੋਂ ਮਿਸ਼ਨ ਪ੍ਰਚਾਰ ਲਈ ਵਰਤੇ ਜਾਂਦੇ ਨਿਸ਼ਾਨ, ਬੋਲੇ, ਰੰਗ ਆਦਿ ਇਕ ਹੋਣੇ ਚਾਹੀਦੇ ਹਨ। ਉਦਾਹਰਣ ਦੇ ਤੌਰ ਤੇ ਸਾਡੀ ਕੌਮ ਵਿਚ ਗੁਰੂ ਰਵਿਦਾਸ ਜੀ ਦੇ ਮੰਦਿਰ, ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਦੇ ਚੋਲੇ ਦੇ ਅਲੱਗ-ਅਲੱਗ ਰੰਗ ਵਰਤੇ ਜਾਂਦੇ ਹਨ। ਗੁਰੂ ਰਵਿਦਾਸ ਜੀ ਦੇ ਕਿਸੇ ਗੁਰਦੁਆਰੇ ਵਿਚ ਭਗਵਾਂ, ਲਾਲ, ਕੇਸਰੀ ਤੇ ਕਿਸੇ ਗੁਰੂ ਘਰ ਵਿਚ ਮਜੀਠ ਦਾ ਰੰਗ ਦਾ ਨਿਸ਼ਾਨ ਸਾਹਿਬ ਦਾ ਚੋਲਾ ਪਹਿਨਾਇਆ ਹੋਇਆ ਹੈ। ਇਸ ਤਰ੍ਹਾਂ ਸਾਡੀ ਕੌਮ ਵਿਚ ਇਕ ਰੰਗ ਪ੍ਰਚੱਲਿਤ ਨਹੀਂ। ਜੋ ਕਿ ਠੀਕ ਨਹੀਂ ਹੈ।

ਸਾਰੀ ਕੌਮ ਵਿਚ ਇਕ ਹੀ ਰੰਗ ਹੋਣਾ ਚਾਹੀਦਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹਨਾਂ ਰੰਗਾਂ ਵਿਚੋਂ ਕਿਹੜੇ ਰੰਗ ਦਾ ਨਿਸ਼ਾਨ ਸਾਹਿਬ

ਚੜ੍ਹਾਉਣਾ ਚਾਹੀਦਾ ਹੈ ? ਸਾਡੇ ਵਿਚਾਰ ਅਨੁਸਾਰ ਸਾਨੂੰ ਦੂਸਰੇ ਰੰਗਾਂ ਦੀ ਬਜਾਇ ਮਜੀਠੀ ਰੰਗਾ ਨਿਸ਼ਾਨ ਸਾਹਿਬ ਦਾ ਚੋਲਾ ਪਹਿਨਾਉਣਾ ਚਾਹੀਦਾ ਹੈ। ਕਿਉਂਕਿ ਮਜੀਠੀ ਰੰਗ ਦਾ ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਵੀ ਵਰਨਣ ਕੀਤਾ ਹੈ। ਆਪ ਫੁਰਮਾਉਂਦੇ ਹਨ-

ਜੈਸਾ ਰੰਗੁ ਕਸੁੰਭ ਕਾ, ਤੈਸਾ ਇਹੁ ਸੰਸਾਰੁ॥
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ॥

(ਗੁਰੂ ਗ੍ਰੰਥ ਸਾਹਿਬ ਪੰਨਾ ੩੪੫)

ਇਸ ਪਾਵਨ ਵਾਕ ਵਿਚ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਇਹ ਸੰਸਾਰ ਤਾਂ ਕਸੁੰਭੜੇ ਦੇ ਰੰਗ ਵਾਂਗ ਕੱਚਾ ਹੈ, ਅਸਥਿਰ ਹੈ। ਪਰ ਮੇਰੇ ਪ੍ਰਭੂ ਦਾ ਰੰਗ ਮਜੀਠ ਵਰਗਾ ਪੱਕਾ ਹੈ, ਸਥਿਰ ਅਤੇ ਸਦੀਵੀ ਹੈ।

ਕਸੁੰਭ ਦਾ ਰੰਗ ਕੱਚਾ ਹੁੰਦਾ ਹੈ। ਜੇਕਰ ਅਸੀਂ ਕਿਸੇ ਕਪੜੇ ਨੂੰ ਇਹ ਰੰਗ ਚੜ੍ਹਾਈਏ ਤਾਂ ਇਕ ਵਾਰ ਧੋਣ ਪਿੱਛੋਂ ਹੀ ਉਤਰ ਜਾਂਦਾ ਹੈ ਜਦਕਿ ਮਜੀਠ ਦਾ ਰੰਗ ਬਹੁਤ ਪੱਕਾ ਹੁੰਦਾ ਹੈ ਅਤੇ ਕਦੇ ਵੀ ਉਤਰਦਾ ਨਹੀਂ ਹੈ। ਸੋ ਇਸ ਮਹਾਂਵਾਕ ਵਿਚ ਸਾਡੇ ਪਾਤਸ਼ਾਹ ਨੇ ਮਜੀਠੀ ਰੰਗ ਦਾ ਦ੍ਰਿਸ਼ਟਾਂਤ ਅਲੰਕਾਰ ਵਰਤਿਆ ਹੈ। ਇਸ ਤਰ੍ਹਾਂ ਸਪੱਸ਼ਟ ਹੁੰਦਾ ਹੈ ਕਿ ਮਜੀਠ ਦਾ ਰੰਗ ਪ੍ਰਭੂ ਦਾ ਰੰਗ ਹੈ, ਪੱਕਾ, ਸਦੀਵੀ ਤੇ ਸਥਿਰ ਰੰਗ ਹੈ। ਇਸ ਕਰਕੇ ਸਾਨੂੰ ਪ੍ਰਭੂ ਦਾ ਰੰਗ, ਪੱਕਾ, ਸਦੀਵੀ ਤੇ ਸਥਿਰ ਰੰਗ ਹੀ ਅਪਨਾਉਣਾ ਚਾਹੀਦਾ ਹੈ। ਬਾਕੀ ਦੇ ਰੰਗ ਤਿਆਗ ਦੇਣੇ ਚਾਹੀਦੇ ਹਨ।

ਮਜੀਠ ਦੇ ਰੰਗ ਦੀ ਦੂਸਰੀ ਪ੍ਰਮਾਣਿਕਤਾ ਇਹ ਹੈ ਕਿ ਸੰਸਾਰ ਦੇ ਬਹੁਤ ਸਾਰੇ ਗੁਰੂ ਰਵਿਦਾਰ ਗੁਦੁਆਰੇ, ਮੰਦਰਾਂ ਵਿਚ ਮਜੀਠ ਦੇ ਰੰਗ ਦਾ ਹੀ ਨਿਸ਼ਾਨ ਸਾਹਿਬ ਚੜ੍ਹਾਇਆ ਜਾਂਦਾ ਹੈ। ਦਲਿਤਾਂ ਦੀ ਸਭ ਤੋਂ ਪੁਰਾਣੀ ਸੰਸਥਾ 'ਆਦਿ ਧਰਮ ਮੰਡਲ' ਨੇ 29 ਅਕਤੂਬਰ 1930ਈ. ਮਜੀਠ ਦਾ ਰੰਗ ਹੀ ਸਰਕਾਰ ਪਾਸੋਂ ਰਜਿਸਟਰਡ ਕਰਾਇਆ ਸੀ। ਇਸ ਤਰ੍ਹਾਂ ਹੋਰ ਵੀ ਕਈ ਸੰਸਥਾਵਾਂ ਮਜੀਠ ਦੇ ਰੰਗ ਨੂੰ ਹੀ ਪ੍ਰਮਾਣਿਤ ਕਰਦੀਆਂ ਹਨ।

ਕੁਝ ਗੁਰਦੁਆਰੇ, ਮੰਦਰਾਂ ਵਿਚ ਇਸ ਦਾ ਉਚੇਚਾ ਖਿਆਲ ਨਹੀਂ ਰੱਖਿਆ ਜਾਂਦਾ। ਉਹ ਜਿਹੜਾ ਰੰਗ ਮਿਲੇ ਚੜ੍ਹਾ ਦਿੰਦੇ ਹਨ। ਕੁਝ ਗੁਰੂ ਪ੍ਰੇਮੀਆਂ ਨੂੰ ਪਤਾ ਹੀ ਨਹੀਂ ਹੈ ਕਿ ਕਿਹੜੇ ਰੰਗ ਦਾ ਚੋਲਾ ਪਹਿਨਾਉਣਾ ਹੈ। ਇਸ ਕਰਕੇ ਉਹ ਦੇਖਾ-ਦੇਖੀ ਰੰਗ ਹੀ ਚੜ੍ਹਾਈ ਜਾ ਰਹੇ ਹਨ ਪ੍ਰੰਤੂ ਕੁਝ ਸੰਸਥਾਵਾਂ ਭਗਵੇਂ ਰੰਗ ਨੂੰ ਤਰਜੀਹ ਦਿੰਦੀਆਂ ਹਨ। ਪਰ ਭਗਵਾਂ ਰੰਗ ਤਾਂ ਜੋਗੀਆਂ ਦਾ ਰੰਗ ਹੈ। ਜਿਵੇਂ ਗੁਰਬਾਣੀ ਦਾ ਫੁਰਮਾਨ ਹੈ।

ਜੋਗ ਨ ਭਗਵੀ ਕਪੜੀ, ਜੋਗੁ ਨ ਮੈਲੇ ਵੇਸਿ॥
ਨਾਨਕ ਘਰਿ ਬੈਠਿਆ ਜੋਗੁ ਪਾਈਐ, ਸਤਿਗੁਰ ਕੈ ਉਪਦੇਸਿ॥

(ਗੁਰੂ ਗ੍ਰੰਥ ਸਾਹਿਬ ਪੰਨਾ ੧੪੨੦)

ਨਾਲੇ ਜੋਗੀਆਂ ਅਤੇ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਜਮੀਨ ਅਸਮਾਨ ਦਾ ਫਰਕ ਹੈ ਇਸ ਕਰਕੇ ਸਾਨੂੰ ਇਹ ਵੀ ਨਹੀਂ ਅਪਨਾਉਣਾ ਚਾਹੀਦਾ। ਕੁਝ ਹੋਰ ਰੰਗ ਤਾਂ ਹਨ ਪਰ ਉਹ ਵੱਖ-ਵੱਖ ਕੌਮਾਂ ਜਾਂ ਧਰਮਾ ਨੇ ਆਪਣੀ ਵੱਖਰੀ ਪਹਿਚਾਨ ਵਜੋਂ ਆਪਣਾਏ ਹੋਏ ਹਨ। ਅੰਤ! ਉਹ ਕਿਹੜਾ ਰੰਗ ਹੈ ਜਿਹੜਾ ਦਲਿਤ ਕੌਮ ਦੇ ਰੰਗ ਵਜੋਂ ਮੰਨਿਆ ਜਾਵੇ, ਨਤੀਜਾ ਇਹੀ ਨਿਕਲਦਾ ਹੈ ਮਜੀਠ

ਦਾ ਰੰਗ ਹੀ ਅਜਿਹਾ ਰੰਗ ਹੈ ਜਿਹੜਾ ਦਲਿਤ ਕੌਮ ਦਾ ਰੰਗ ਹੋ ਸਕਦਾ ਹੈ। ਇਸ ਕਰਕੇ ਸਮੁੱਚੀ ਦਲਿਤ ਕੌਮ ਨੂੰ ਅਪੀਲ ਹੈ ਕਿ ਉਹ ਮਜੀਠ ਦੇ ਰੰਗ ਨੂੰ ਅਪਨਾਉਣ ਦੀ ਕ੍ਰਿਪਾਲਤਾ ਕਰੇ। ਨਿਸ਼ਾਨ ਸਾਹਿਬ ਦਾ ਚੋਲਾ ਮਜੀਠ ਦੇ ਰੰਗ ਦਾ ਪਹਿਨਾਇਆ ਜਾਏ। ਗੁਰੂ ਰਵਿਦਾਸ ਮਿਸ਼ਨ ਦੇ ਬੈਨਰ ਮਜੀਠ ਦੇ ਰੰਗ ਦੇ ਬਣਾਏ ਜਾਣ। ਸਿਰ ਢੱਕਣ ਲਈ ਮਜੀਠ ਦੇ ਰੰਗ ਦੀਆਂ ਪੱਗਾਂ, ਪਰਨੇ ਜਾਂ ਪਟਕੇ ਬੰਨੇ ਜਾਣ। ਵਿਆਹ ਸਮੇਂ ਦੂਲਾ ਮਜੀਠ ਦੇ ਰੰਗ ਦੀ ਹੀ ਪਗੜੀ ਬੰਨੇ ਅਤੇ ਦੁਲਹਨ (ਲੜਕੀ) ਮਜੀਠ ਦੇ ਰੰਗ ਦਾ ਦੁਪੱਟਾ ਪਹਿਨੇ। ਮਜੀਠ ਦੇ ਰੰਗ ਦਾ ਸੰਪੂਰਨ ਤੇ ਸਾਦਾ ਚੋਲਾ (ਸਾਧਾ ਵਾਲਾ) ਤਾਂ ਪਹਿਨਿਆ ਜਾ ਸਕਦਾ ਹੈ, ਪ੍ਰੰਤੂ ਮਜੀਠ ਰੰਗ ਦਾ ਕੱਛਾ, ਪਜਾਮਾ, ਪੈਂਟ ਜਾਂ ਧੋਤੀ ਨਾ ਪਹਿਨੀ ਜਾਵੇ। ਗੱਲ ਕੀ ਮਜੀਠ ਦੇ ਰੰਗ ਦਾ ਪੂਰਨ ਸਤਿਕਾਰ ਕੀਤਾ ਜਾਵੇ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਮਜੀਠ ਦਾ ਰੰਗ ਕਿਸ ਤਰ੍ਹਾਂ ਦਾ ਹੁੰਦਾ ਹੈ।

ਨੋਟ—ਮਜੀਠ ਇਕ ਵੇਲ ਹੁੰਦੀ ਹੈ ਇਸ ਨੂੰ ਨਿੱਕੇ-ਨਿੱਕੇ ਫੁਲ ਲੱਗਦੇ ਹਨ। ਇਸ ਵੇਲ ਵਿਚੋਂ ਇਕ ਰੰਗ ਨਿਕਲਦਾ ਹੈ, ਜਿਹੜਾ ਕਿ ਬਹੁਤ ਪੱਕਾ ਹੁੰਦਾ ਹੈ, ਇਸ ਦਾ ਰੰਗ ਲਾਲ ਕਾਲਾ ਜਾਂ ਲਾਖਾ ਭਾਅ ਮਾਰਦਾ ਹੈ। ਇਹ ਰੰਗ ਜਿਥੇ ਵੀ, ਜਿਸ ਚੀਜ਼ ਨੂੰ ਵੀ ਲੱਗ ਜਾਵੇ, ਲੱਥਣਾ ਮੁਸ਼ਕਿਲ ਹੁੰਦਾ ਹੈ, ਇਸ ਲਈ ਪ੍ਰਮਾਤਮਾ ਦੀ ਭਗਤੀ ਦੇ ਰੰਗ ਨਾਲ ਇਸ ਦੀ ਉਪਮਾ ਕੀਤੀ ਗਈ ਹੈ।

ਸੋ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਗੁਰੂ ਰਵਿਦਾਸ ਜੀ ਮਹਾਰਾਜ ਦੇ ਹੁਕਮ ਨੂੰ ਪ੍ਰਵਾਨ ਕਰਦੇ ਹੋਏ ਮਜੀਠ ਦੇ ਰੰਗ ਨੂੰ ਅਪਣਾਈਏ ਅਤੇ ਇਸ ਦਾ ਪੂਰਨ ਸਤਿਕਾਰ ਕਰੀਏ।

## 'ਕੋਝੀਆਂ ਚਾਲਾਂ ਤੋਂ ਸੁਚੇਤ ਹੋਣ ਦੀ ਲੋੜ'

—ਮਹਿੰਦਰ ਸੰਧੂ 'ਮਹੇੜੂ'

ਕਿਹਾ ਜਾਂਦਾ ਹੈ ਕਿ ਅਗਰ ਕਿਸੇ ਕੌਮ ਨੂੰ ਤਬਾਹ ਕਰਨਾ ਹੋਵੇ ਤਾਂ ਉਸ ਕੌਮ ਦੇ ਇਤਿਹਾਸ ਨੂੰ ਨਸ਼ਟ ਕਰ ਦਿਓ, ਕੌਮ ਆਪਣੇ ਆਪ ਤਬਾਹ ਹੋ ਜਾਵੇਗੀ। ਠੀਕ ਇਸੇ ਤਰ੍ਹਾਂ ਹੀ ਕੁਝ ਲੇਖਕਾਂ ਨੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਇਤਿਹਾਸ ਨਾਲ ਕੀਤੀ ਹੈ। ਉਹਨਾਂ ਲੇਖਕਾਂ ਨੇ ਗੁਰੂ ਸਾਹਿਬ ਦੇ ਜੀਵਨ ਨਾਲ ਮਨ ਘੜਤ ਕਹਾਣੀਆਂ ਜੋੜ ਦਿੱਤੀਆਂ ਅਤੇ ਗੁਰੂ ਸਾਹਿਬ ਦੀ ਤਰਕਸ਼ੀਲ ਤੇ ਵਿਗਿਆਨਿਕ ਵਿਚਾਰਾ ਨੂੰ ਦਬਾ ਕੇ ਉਨ੍ਹਾਂ ਨੂੰ ਬ੍ਰਾਹਮਣਵਾਦੀ ਤੇ ਰੂੜੀਵਾਦੀ ਬਨਾਉਣ ਦੀ ਅਸਫਲ ਕੋਸ਼ਿਸ਼ ਕੀਤੀ ਹੈ। ਗੁਰੂ ਰਵਿਦਾਸ ਜੀ ਕਿਸ ਦੇ ਉਪਾਸ਼ਕ ਸਨ ? ਉਹਨਾਂ ਦੇ ਗੁਰੂ ਕੌਣ ਸਨ ? ਉਨ੍ਹਾਂ ਦਾ ਜਨਮ ਕਿਥੇ ਹੋਇਆ ? ਗੱਲਾਂ ਦੀ ਸਹੀ ਖੋਜ ਕਰਨ ਵਾਸਤੇ ਜ਼ਿਆਦਾਤਰ ਲੇਖਕਾਂ ਨੇ ਗੁਰੂ ਜੀ ਦੇ ਉਨ੍ਹਾਂ ਇਲਾਹੀ ਬਚਨਾ ਨੂੰ ਵਿਚਾਰਨਾ ਜ਼ਰੂਰੀ ਨਹੀਂ ਸਮਝਿਆ ਜੋ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਹਨ। ਕਈ ਲੇਖਕਾਂ ਨੇ ਗੁਰੂ ਸਾਹਿਬ ਨੂੰ ਸਵਾਮੀ ਰਾਮਾ ਨੰਦ ਜੀ ਦੇ ਸ਼ਿਸ਼ ਲਿਖਿਆ ਹੈ। ਇਤਿਹਾਸ ਗਵਾਹੀ ਭਰਦਾ ਹੈ ਕਿ ਸਵਾਮੀ ਰਾਮਾ ਨੰਦ ਜੀ, ਸਤਿਗੁਰੂ ਰਵਿਦਾਸ ਜੀ ਅਤੇ ਸਤਿਗੁਰ ਕਬੀਰ ਸਾਹਿਬ ਜੀ ਦੀ ਸਰਬ ਸਾਂਝੀ ਮਹਾਨ ਸਖਸ਼ੀਅਤ ਨੇ ਬਨਾਰਸ ਦੀ ਧਰਤੀ ਨੂੰ ਸੰਸਾਰ ਭਰ ਵਿਚ ਰੌਸ਼ਨ ਕੀਤਾ ਹੈ, ਪ੍ਰੰਤੂ ਇਨ੍ਹਾਂ ਤਿੰਨਾਂ ਮਹਾਂਪੁਰਸ਼ਾਂ ਨੇ ਇਕ ਦੂਸਰੇ ਨੂੰ ਗੁਰੂ ਧਾਰਨ ਨਹੀਂ ਕੀਤਾ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਪੜ੍ਹਨ ਤ

ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਗੁਰੂ ਕੇਵਲ ਪਾਰਬ੍ਰਹਮ ਹੀ ਸਨ। ਜੋ ਕਿ ਜਨਮ-ਜਨਮ ਤੋਂ ਰਹਿਤ ਹੈ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੀ 151 ਸਾਲ ਦੀ ਉਮਰ ਵਿਚ ਇਕ ਹਰੀ (ਪ੍ਰਭੂ) ਦੀ ਹੀ ਪੂਜਾ ਕੀਤੀ ਹੈ। ਜੇਕਰ ਗੁਰੂ ਸਾਹਿਬ ਇਕ ਹਰਿ ਤੋਂ ਬਿਨਾ ਕਿਸੇ ਹੋਰ ਦੀ ਪੂਜਾ ਕਰਦੇ ਤਾਂ ਉਨ੍ਹਾਂ ਨੇ ਇਸ ਦਾ ਗੁਰਬਾਣੀ ਵਿਚ ਜ਼ਿਕਰ ਜ਼ਰੂਰ ਕਰਨਾ ਸੀ। ਗੁਰੂ ਰਵਿਦਾਸ ਜੀ ਨੇ ਬਾਣੀ ਵਿਚ ਕਿਤੇ ਵੀ ਆਪਣੇ ਦੇਹਧਾਰੀ ਗੁਰੂ, ਕਿਸੇ ਅਵਤਾਰ ਜਾਂ ਦੇਵੀ ਦੇਵਤੇ ਦੇ ਗੁਰੂ ਹੋਣ ਦਾ ਜ਼ਿਕਰ ਨਹੀਂ ਕੀਤਾ। ਸਤਿਗੁਰੂ ਕਬੀਰ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਸਤਿਗੁਰ ਧੰਨਾ ਜੀ, ਮੀਰਾਂ ਬਾਈ ਜੀ ਨੇ ਗੁਰੂ ਰਵਿਦਾਸ ਜੀ ਦੀ ਉਸਤਤੀ ਵਿਚ ਆਪਣੀ ਬਾਣੀ ਲਿਖੀ ਪਰ ਉਨ੍ਹਾਂ ਨੇ ਕਿਤੇ ਵੀ ਅਜਿਹਾ ਜ਼ਿਕਰ ਨਹੀਂ ਕੀਤਾ ਜਿਸ ਤੋਂ ਸਾਬਿਤ ਹੋਵੇ ਕਿ ਗੁਰੂ ਰਵਿਦਾਸ ਜੀ ਦੇ ਗੁਰੂ ਸਵਾਮੀ ਰਾਮਾ ਨੰਦ ਜੀ ਸਨ।

ਕੁਝ ਲੇਖਕ ਗੁਰੂ ਰਵਿਦਾਸ ਜੀ ਨੂੰ ਸ਼ਿਵ ਜੀ ਦਾ ਅਵਤਾਰ ਮੰਨਦੇ ਹਨ ਜੋ ਕਿ ਬਿਲਕੁੱਲ ਗਲਤ ਹੈ। ਪਹਿਲੀ ਗੱਲ ਕਿ ਗੁਰਮਤਿ ਵਿਚਾਰਧਾਰਾ ਅਵਤਾਰਵਾਦ ਨੂੰ ਮੰਨਦੀ ਹੀ ਨਹੀਂ। ਦੂਸਰੀ ਗੱਲ ਗੁਰੂ ਰਵਿਦਾਸ ਜੀ ਸ਼ਿਵ ਜੀ ਅਤੇ ਭਗਵਾਨ ਵਿਸ਼ਨੂੰ ਦੇ ਸਬੰਧ ਵਿਚ ਇੰਝ ਫੁਰਮਾਉਂਦੇ ਹਨ।

ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ,
ਤਾਸ ਸਮ ਤੁਲਿ ਨਹੀ ਆਨ ਕੋਊ॥ (ਗੁਰੂ ਗ੍ਰੰਥ ਸਾਹਿਬ ਪੰਨਾ ੧੨੯੩)

ਕੁਝ ਲੇਖਕ ਗੁਰੂ ਸਾਹਿਬ ਨੂੰ ਵਿਸ਼ਨੂੰ ਦੇ ਭਗਤ ਮੰਨਦੇ ਹਨ। ਇਸ ਦੇ ਸਬੂਤ ਵਜੋਂ ਉਹ ਪਹਿਲੋਂ ਕਹਿੰਦੇ ਹਨ ਕਿ ਗੁਰੂ ਸਾਹਿਬ ਸਵਾਮੀ ਰਾਮਾ ਨੰਦ ਜੀ ਦੇ ਚੇਲੇ ਹਨ। ਸਵਾਮੀ ਰਾਮਾ ਨੰਦ ਜੀ ਵੈਸ਼ਨਵ ਸਨ ਇਸ ਕਰਕੇ ਗੁਰੂ ਰਵਿਦਾਸ ਜੀ ਵਿਸ਼ਨੂੰ ਦੇ ਭਗਤ ਹੋਏ ਹਨ। ਹੁਣ ਜਦ ਗੁਰੂ ਸਾਹਿਬ ਸਵਾਮੀ ਜੀ ਦੇ ਸ਼ਿਸ਼ ਹੀ ਨਹੀਂ ਸਨ (ਇਹ ਹੁਣ ਸਾਬਿਤ ਹੋ ਚੁੱਕਾ ਹੈ) ਤਾਂ ਗੁਰੂ ਸਾਹਿਬ ਵਿਸ਼ਨੂੰ ਦੇ ਭਗਤ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਦੂਸਰਾ ਸਬੂਤ ਦਿੰਦੇ ਹੋਏ ਉਹ ਕਹਿੰਦੇ ਹਨ ਕਿ ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਇਸ ਦਾ ਜ਼ਿਕਰ ਕੀਤਾ ਹੈ। ਗੁਰੂ ਸਾਹਿਬ ਦਾ ਬਿਲਾਵਲੁ ਰਾਗ ਵਿਚ ਫੁਰਮਾਨ ਹੈ-

ਜਿਹ ਕੁਲ ਸਾਧ ਬੈਸਨੋ ਹੋਇ॥ (ਗੁਰੂ ਗ੍ਰੰਥ ਸਾਹਿਬ ਪੰਨਾ ੮੫੮)

ਲੇਖਕ ਇਸ 'ਬੈਸਨੋ' ਸ਼ਬਦ ਦੇ ਅਰਥ ਭਗਵਾਨ ਵਿਸ਼ਨੂੰ ਦੇ ਦੱਸਦੇ ਹਨ। ਜਦ ਕਿ ਇਸ 'ਬੈਸਨੋ' ਦਾ ਅਰਥ ਹੈ ਪ੍ਰਭੂ ਦਾ ਭਗਤ ਜਾਂ ਪਾਰਬ੍ਰਹਮ ਦਾ ਭਗਤ। ਇਸ ਸਬੰਧੀ ਪ੍ਰੋ. ਲਾਲ ਸਿੰਘ ਜੀ ਨੇ ਆਪਣੀ ਪੁਸਤਕ 'ਸਟੀਕ ਬਾਣੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ' ਦੇ ਪੰਨਾ 228 ਤੇ ਵਿਸਥਾਰ ਸਹਿਤ ਸਪੱਸ਼ਟ ਕੀਤਾ ਹੈ।

ਅਟਲ ਸਚਾਈ ਹੈ ਕਿ ਜੋ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਨਾਲ ਅਜਿਹੀਆਂ ਅਰਥਹੀਨ ਮਨਘੜਤ ਕਹਾਣੀਆ ਪੜਨ ਸੁਨਣ ਨੂੰ ਮਿਲਦੀਆਂ ਹਨ ਇਹ ਗੁਰੂ ਸਾਹਿਬ ਨੂੰ ਨੀਵਾਂ ਦਿਖਾਉਣ ਲਈ ਈਰਖਾਵਾਦੀ ਲੋਕਾਂ ਦੀ ਚਾਲ ਹੈ। ਅਜਿਹੀਆਂ ਈਰਖਾਵਾਦੀ ਚਾਲਾਂ ਨਾਲ ਸੱਚ ਦੇ ਸੂਰਜ ਨੂੰ ਛੁਪਾਇਆ ਨਹੀਂ ਜਾ ਸਕਦਾ।

ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਕਿੰਨੇ ਮਹਾਨ ਕ੍ਰਾਂਤੀਕਾਰੀ ਸਨ। ਉਹਨਾਂ ਨੇ ਪਿਛੜੀਆਂ ਸ਼੍ਰੇਣੀਆਂ ਨੂੰ ਉੱਚਾ ਚੁੱਕਣ ਲਈ ਨਿਡਰ ਹੋ ਕੇ ਨਿਮਾਣੀਆ

ਕੌਮਾਂ ਦੀ ਭਲਾਈ ਦਾ ਬੀੜਾ ਚੁੱਕਿਆ। ਉਹ ਵੀ 13ਵੀਂ 14ਵੀਂ ਸਦੀ ਵਿਚ ਜਿਸ ਵਕਤ ਸ਼ੂਦਰ ਨੂੰ ਰੱਬ ਦੀ ਪੂਜਾ ਕਰਨ ਦੀ ਮਨਾਹੀ ਸੀ। ਉਸ ਵਕਤ ਸ਼ੂਦਰ ਉਪਰ ਮਨੂੰ ਦੇ ਹੇਠ ਲਿਖੇ ਹੁਕਮ ਲਾਗੂ ਸਨ।

ਸ਼ੂਦ੍ਰ ਨੂੰ ਮਤਿ ਨ ਦੇਵੋ, ਹੋਮ ਤੋਂ ਬਚਿਆ ਹੋਇਆ
ਅੰਨ ਨ ਦੇਵੋ ਅਤੇ ਸ਼ੂਦ੍ਰ ਨੂੰ ਧਰਮ ਦਾ ਉਪਦੇਸ਼ ਨਾ ਕਰੋ।

(ਮਨੂ ਅ. ੪ ਸ਼ ੮੦)

ਪੈਰਾਂ ਤੋਂ ਜੰਮਿਆ ਹੋਇਆ ਸ਼ੂਦ੍ਰ ਜੇ ਬ੍ਰਾਹਮਣ, ਛਤ੍ਰੀ ਵੈਸ਼ ਨੂੰ ਕਠੋਰ ਬਾਣੀ ਬੋਲੇ ਤਾਂ ਰਾਜਾ ਉਸ ਦੀ ਜੀਭ ਕਟਵਾ ਦੇਵੇ।

(ਮਨੂ ਅ. ੮ ਸ਼. ੨੭੦)

ਜੇ ਸ਼ੂਦ੍ਰ ਦ੍ਵਿਜਾਤੀਆਂ ਨੂੰ ਨਾਉਂ ਲੈ ਕੇ ਸਖਤੀ ਨਾਲ ਬੁਲਾਵੇ ਤਾਂ ਉਸ ਦੇ ਮੂੰਹ ਵਿਚ ਦਸ ਉਂਗਲਾਂ ਲੰਮਾ ਲੋਹੇ ਦਾ ਕਿੱਲਾ ਅੱਗ ਵਰਗਾ ਲਾਲ ਕਰਕੇ ਠੋਕ ਦੇਵੇ। ਜੇਕਰ ਸ਼ੂਦਰ ਅਭਿਮਾਨ ਕਰਕੇ ਬ੍ਰਾਹਮਣ ਨੂੰ ਧਰਮ ਉਪਦੇਸ਼ ਕਰੇ ਤਾਂ ਰਾਜਾ ਉਸ ਦੇ ਮੂੰਹ ਅਤੇ ਕੰਨਾ ਵਿਚ ਤੱਤਾ ਤੇਲ ਪਵਾ ਦੇਵੇ।

(ਮਨੂ ਅ. ੮ ਸ਼. ੨੭੯)

ਜੋ ਸ਼ੂਦ੍ਰ ਜਪ ਹੋਮ ਕਰੇ ਰਾਜਾ ਉਸ ਨੂੰ ਮਰਵਾ ਦੇਵੇ।

(ਅਤ੍ਰਿ ਸੰਹਿਤਾ)

ਕਪਿਲਾ ਗਊ ਦਾ ਦੁੱਧ ਪੀਣ ਕਰਕੇ ਅਤੇ ਵੇਦ ਵਿਚਾਰਣ ਨਾਲ ਸ਼ੂਦ੍ਰ ਨੂੰ ਜ਼ਰੂਰ ਨਰਕ ਹੁੰਦਾ ਹੈ। (ਪਰਾਸਰ ਸੰਹਿਤਾ, ਅ. ੨)

(ਪੁਸਤਕ ਨਿਆਰਾ ਖਾਲਸਾ ਸਫਾ ੮ ਤੇ ੯ ਅਨੁਸਾਰ)

ਗੁਰੂ ਰਵਿਦਾਸ ਜੀ ਨਿਧੜਕ ਯੋਧੇ ਵਿਦਵਾਨ ਸਨ। ਉਹਨਾਂ ਨੇ ਇਕ ਹਰੀ ਦਾ ਹੀ ਨਾਮ ਜਪਿਆ ਅਤੇ ਦਲਿਤ ਵਰਗ ਤੋਂ ਜਪਾਇਆ। ਉਹ ਵੀ ਬ੍ਰਾਹਮਣਵਾਦ ਦੇ ਗੜ੍ਹ ਬਨਾਰਸ ਸ਼ਹਿਰ ਵਿਚ। ਬੜੀ ਹੈਰਾਨੀ ਦੀ ਗੱਲ ਹੈ ਕਿ ਉਸ ਵਕਤ ਸ਼ੂਦਰਾਂ ਦੇ ਮਸੀਹਾ ਗੁਰੂ ਰਵਿਦਾਸ ਨੂੰ ਬ੍ਰਾਹਮਣਾ ਦੇ ਪ੍ਰਧਾਨ ਵੀ ਨਿਮਸਕਾਰਾਂ ਕਰਦੇ ਸਨ।

ਮੇਰੀ ਜਾਤ ਕੁਟ ਬਾਂਡਲਾ ਢੋਰ ਢੋਵੰਤਾ,
ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ,
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥

(ਗੁਰੂ ਗ੍ਰੰਥ ਸਾਹਿਬ ਪੰਨਾ ੧੨੯੩)

ਇਸ ਸ਼ਬਦ ਤੋਂ ਸਿੱਧ ਹੋ ਜਾਂਦਾ ਹੈ ਕਿ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਅਨੇਕਾਂ ਲੋਕਾਂ ਨੇ ਆਪਣਾ ਗੁਰੂ ਮੰਨਕੇ ਪੂਜਿਆ, ਜਿਨ੍ਹਾਂ ਵਿਚ ਰਾਜੇ ਮਹਾਰਾਜੇ ਵੀ ਸ਼ਾਮਲ ਸਨ। ਨਾਲ ਇਹ ਵੀ ਸਾਬਤ ਹੋ ਗਿਆ ਕਿ ਗੁਰੂ ਰਵਿਦਾਸ ਜੀ ਨੇ ਦਲਿਤ ਕੌਮ ਨੂੰ ਇਕ ਨਵਾਂ ਜੀਵਨ ਬਖਸ਼ਿਆ. ਅੱਜ ਸਾਨੂੰ ਸਾਹਿਬ ਸ਼੍ਰੀ ਗੁਰੂ ਰਵਿਦਾਸ ਜੀ ਦੀ ਬਖਸ਼ਿਸ਼ ਕੀਤੀ ਸਿਖਿਆ ਤੋਂ ਵਾਂਝੇ ਨਹੀਂ ਰਹਿਣਾ ਚਾਹੀਦਾ। ਜੇਕਰ ਗੁਰੂ ਰਵਿਦਾਸ ਜੀ ਨਾਲ ਸਾਡਾ ਸੱਚਾ ਪਿਆਰ ਹੈ ਤਾਂ ਉਨ੍ਹਾਂ ਦੀ ਬਖਸ਼ਿਸ਼ ਕੀਤੀ ਅੰਮ੍ਰਿਤ ਮਈ ਬਾਣੀ ਉਪਰ ਅਮਲ ਕਰਨਾ ਚਾਹੀਦਾ ਹੈ।

# ਗੁਰਦੁਆਰਿਆਂ ਵਿਚ ਮਿਸ਼ਨ ਪ੍ਰਚਾਰ

ਪੰਜਾਬ ਦੇ ਤਕਰੀਬਨ ਹਰੇਕ ਪਿੰਡ ਵਿਚ ਗੁਰੂ ਰਵਿਦਾਸ ਜੀ ਦਾ ਗੁਰਦੁਆਰਾ ਜਾਂ ਮੰਦਿਰ ਬਣਿਆ ਹੋਇਆ ਹੈ, ਪਰ ਫਿਰ ਵੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਪ੍ਰਚਾਰ ਦੀ ਬਹੁਤ ਘਾਟ ਹੈ। ਸਾਡੀ ਕੌਮ ਨੂੰ ਦੇਵੀ-ਦੇਵਤਿਆਂ, ਪੀਰਾਂ ਫਕੀਰਾਂ ਅਤੇ ਹੋਰ ਬਾਬਿਆਂ ਬਾਰੇ ਤਾਂ ਬਹੁਤ ਗਿਆਨ ਹੈ, ਪਰ ਗੁਰੂ ਰਵਿਦਾਸ ਜੀ ਬਾਰੇ ਕੁਝ ਵੀ ਪਤਾ ਨਹੀਂ।

ਸਾਡੀ ਕੌਮ ਦੇ ਲੋਕ ਹਰੇਕ ਵੀਰਵਾਰ ਕਿਸੇ ਪੀਰ ਦੀ ਜਗ੍ਹਾਂ ਜਾਂ ਮੜੀਆਂ ਮਸਾਣਾਂ 'ਤੇ ਚਿਰਾਗ (ਦੀਵਾ) ਕਰਨ ਲਈ ਅਕਸਰ ਜਾਂਦੇ ਹਨ। ਮਾਪਿਆਂ ਨੇ ਆਪਣੇ ਬੱਚਿਆਂ ਨੂੰ ਇਨ੍ਹਾਂ ਜਗ੍ਹਾਂ 'ਤੇ ਦੀਵਾ ਕਰਨ ਦੀ ਸਖ਼ਤ ਹਦਾਇਤ ਕੀਤੀ ਹੋਈ ਹੈ, ਜੇਕਰ ਉਹ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਜਬਰਦਸਤੀ ਦੀਵਾ ਬੱਤੀ ਕਰਨ ਭੇਜਿਆ ਜਾਂਦਾ ਹੈ। ਪ੍ਰੰਤੂ ਉਹਨਾਂ ਨੇ ਆਪਣੇ ਬੱਚਿਆਂ ਨੂੰ ਗੁਰਦੁਆਰੇ ਜਾਣ ਦੀ ਕਦੀ ਪ੍ਰੇਰਨਾ ਨਹੀਂ ਦਿੱਤੀ। ਇਹੀ ਕਾਰਨ ਹੈ ਕਿ ਅੱਜ ਸਾਡੇ ਬੱਚੇ ਬੀੜੀ ਸਿਗਰੇਟ, ਤੰਬਾਕੂ, ਗੁਟਖਾ, ਚੁਟਕੀ ਆਦਿ ਨਸ਼ਿਆਂ ਦੇ ਆਦੀ ਹੋ ਰਹੇ ਹਨ। ਕਿਉਂਕਿ ਇਨ੍ਹਾਂ ਜਗ੍ਹਾ ਜਾਂ ਮੜੀਆਂ, ਮਸਾਣਾਂ ਤੇ ਅਜਿਹੇ ਨਸ਼ਿਆ ਦੀ ਕੋਈ ਰੋਕ ਨਹੀਂ ਹੈ। ਜਦ ਕਿ ਗੁਰਦੁਆਰਿਆਂ ਵਿਚ ਬਾਣੀ ਦੁਆਰਾ ਇਨ੍ਹਾਂ ਤੋਂ ਦੂਰ ਰਹਿਣ ਦੀ ਹਦਾਇਤ ਹੈ। ਸਾਡੇ ਗੁਰਦੁਆਰਿਆਂ ਵਿਚ ਅਕਸਰ ਦੇਖਿਆ ਜਾਂਦਾ ਹੈ ਕਿ ਪਾਠੀ ਇਕੱਲਾ ਹੀ ਪਾਠ ਕਰਕੇ ਚਲਿਆ ਜਾਂਦਾ ਹੈ। ਕੋਈ ਵੀ ਪਾਠ ਸੁਣਨ ਵਾਲਾ ਨਹੀਂ ਹੁੰਦਾ। ਜੇਕਰ ਅਸੀਂ ਭੁੱਲ ਭੁਲੇਖੇ ਗੁਰੂ ਘਰ ਚਲੇ ਹੀ ਜਾਂਦੇ ਹਾਂ ਤਾਂ ਉਹ ਸੰਗਰਾਂਦ ਵਾਲੇ ਦਿਨ। ਉਹ ਵੀ ਸਿਰਫ ਪ੍ਰਸ਼ਾਦ ਮਿਲਣ ਵਾਲੇ। ਸਾਡੇ ਵਿਚ ਗੁਰਬਾਣੀ ਪ੍ਰਤੀ ਸ਼ਰਧਾ ਬਹੁਤ ਘੱਟ ਹੈ। ਇਸ ਦਾ ਮੁੱਖ ਕਾਰਨ ਗੁਰੂ ਰਵਿਦਾਸ ਗੁਰਦੁਆਰਿਆਂ ਵਿਚ ਨਿਪੁੰਨ ਪਾਠੀ, ਪ੍ਰਚਾਰਕ ਜਾਂ ਕੀਰਤਨੀਏ ਦੀ ਘਾਟ ਹੈ। ਸੋ ਇਹ ਜ਼ਰੂਰੀ ਹੈ ਕਿ ਗੁਰਦੁਆਰੇ ਪਾਠ ਕਰਨ ਵਾਲਾ ਪਾਠੀ, ਪਾਠ, ਕਥਾ, ਕੀਰਤਨ ਕਰਨ ਵਿਚ ਨਿਪੁੰਨ ਹੋਵੇ। ਉਸ ਦਾ ਜੀਵਨ ਪ੍ਰੇਰਨਾਦਾਇਕ ਹੋਵੇ। ਉਸ ਨੂੰ ਗੁਰੂ ਰਵਿਦਾਸ ਜੀ ਦੇ ਜੀਵਨ ਇਤਿਹਾਸ ਦੀ ਪੂਰੀ ਜਾਣਕਾਰੀ ਹੋਵੇ।

ਸਾਡੇ ਗੁਰੂ ਘਰਾਂ ਵਿਚ ਲੜਾਈ ਝਗੜੇ ਅਕਸਰ ਵਧੇਰੇ ਹੁੰਦੇ ਹਨ। ਅਜਿਹਾ ਬਿਲਕੁੱਲ ਨਹੀਂ ਹੋਣਾ ਚਾਹੀਦਾ। ਗੁਰੂ ਰਵਿਦਾਸ ਗੁਰੂ ਘਰਾਂ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਨਿਮਰਤਾ ਵਾਲੇ ਗੁਰੂ ਘਰ ਦੇ ਪ੍ਰੇਮੀ ਹੋਣ ਉਹ ਕਿਸੇ ਕਿਸਮ ਦਾ ਨਸ਼ਾ ਨਾ ਕਰਦੇ ਹੋਣ ਅਤੇ ਨਿਤਨੇਮ ਨਾਲ ਗੁਰਦੁਆਰੇ ਆਉਂਦੇ ਹੋਣ। ਉਹਨਾਂ ਦਾ ਰਹਿਣਾ ਸਹਿਣਾ ਸੁਚੱਜਾ ਹੋਵੇ। ਸਾਨੂੰ ਇਨ੍ਹਾਂ ਗੁਰੂ ਘਰਾਂ ਵਿਚ ਹਰੇਕ ਹਫਤੇ ਕੋਈ ਖਾਸ ਧਾਰਮਿਕ ਸਮਾਗਮ ਰੱਖਣਾ ਚਾਹੀਦਾ ਹੈ। ਜਿਸ ਵਿਚ ਕਥਾ ਕੀਰਤਨ ਦੁਆਰਾ ਪਿੰਡ ਜਾਂ ਮੁਹੱਲੇ ਵਾਸੀਆਂ ਨੂੰ ਗੁਰ ਉਪਦੇਸ਼ਾਂ ਨਾਲ ਜੋੜਿਆ ਜਾਵੇ। ਗੁਰਦੁਆਰੇ ਵਿਚ ਲਾਇਬਰੇਰੀ ਦਾ ਪ੍ਰਬੰਧ ਹੋਣਾ ਚਾਹੀਦਾ ਹੈ, ਜਿਸ ਵਿਚ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਦਾ ਲਿਟਰੇਚਰ, ਮਿਸ਼ਨਰੀ ਪੱਤ੍ਰਕਾਵਾਂ, ਮੈਗਜੀਨ ਰੈਗੂਲਰ ਆਉਂਦੇ ਹੋਣ ਤਾਂ ਕਿ ਕੌਮ ਨੂੰ ਗੁਰੂ ਸਾਹਿਬ ਦੇਉਪਦੇਸ਼ਾਂ ਬਾਰੇ ਪਤਾ

ਲਗ ਸਕੇ ਅਤੇ ਕੌਮ ਅੰਦਰ ਕੀ ਹੋ ਕੁਝ ਹੋ ਰਿਹਾ ਹੈ ਬਾਰੇ ਵੀ ਜਾਣਕਾਰੀ ਮਿਲ ਸਕੇ। ਗੁਰੂ ਘਰਾਂ ਵਿਚ ਸਮੇਂ-2 ਸਿਰ ਧਾਰਮਿਕ ਲੇਖ, ਲਿਖਣ, ਸ਼ਬਦ ਗਾਇਨ ਕਥਾ ਕਰਨ ਭਾਸ਼ਣ ਦੇਣ ਦੇ ਮੁਕਾਬਲੇ ਹੋਣੇ ਚਾਹੀਦੇ ਹਨ। ਗੁਰਦੁਆਰਾ ਸਾਹਿਬ ਤੋਂ ਗੁਰੂ ਰਵਿਦਾਸ ਜੀ ਦੇ ਇਤਿਹਾਸਕ ਅਸਥਾਨਾਂ ਦੀ ਯਾਤਰਾ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਦੇਖਿਆ ਗਿਆ ਹੈ ਕਿ ਬਹੁਤ ਸਾਰੇ ਗੁਰੂ ਪ੍ਰੇਮੀ ਅਜਿਹੀਆਂ ਯਾਤਰਾਵਾਂ ਦੇ ਚਾਹਵਾਨ ਹੁੰਦੇ ਹਨ, ਪ੍ਰੰਤੂ ਗੱਡੀਆਂ ਆਦਿ ਦਾ ਪ੍ਰਬੰਧ ਕਰਨ ਵਾਲਾ ਕੋਈ ਨਹੀਂ ਹੁੰਦਾ। ਸੋ ਸਾਲ ਵਿਚ ਘੱਟੋ-ਘੱਟ ਦੋ ਯਾਤਰਾਵਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਦੂਸਰੀਆਂ ਕੌਮਾਂ ਨੇ ਆਪਣੇ ਰਹਿਬਰਾਂ ਦੇ ਇਤਿਹਾਸਕ ਅਸਥਾਨਾਂ ਨੂੰ ਚਾਰ ਚੰਨ ਲਾ ਦਿੱਤੇ ਹਨ, ਜਦਿ ਕਿ ਗੁਰੂ ਰਵਿਦਾਸ ਜੀ ਦੇ ਜੀਵਨ ਇਤਿਹਾਸਕ ਅਸਥਾਨ ਜਿਉਂ ਦੇ ਤਿਉਂ ਪਏ ਹਨ। ਸੋ ਹਰੇਕ ਪਿੰਡ ਜੇ ਗੁਰੂ ਘਰ ਦੇ ਪ੍ਰਬੰਧਕਾਂ ਨੂੰ ਗੁਰੂ ਸਾਹਿਬ ਦੇ ਕਿਸੇ ਵੀ ਇਤਿਹਾਸਿਕ ਅਸਥਾਨ ਜਿਵੇਂ ਜਨਮ ਅਸਥਾਨ ਸੀਰ ਗੋਵਰਧਨਪੁਰ ਯੂ.ਪੀ., ਗੁਰੂ ਰਵਿਦਾਸ ਕੁੰਡ ਹੈਦਰਾਵਾਦ, ਗੁਰੂ ਜੀ ਦੀ ਛੱਤਰੀ ਚਿਤੌੜਗੜ੍ਹ, ਖੁਰਲਾਗੜ੍ਹ ਸਾਹਿਬ ਪੰਜਾਬ ਤੇ ਹੋਰ ਆਦਿ ਦੇ ਸੁਧਾਰ ਲਈ ਫੰਡ ਇਕੱਠਾ ਕਰਕੇ ਇਹਨਾਂ ਅਸਥਾਨਾਂ ਨੂੰ ਭੇਜਣਾ ਚਾਹੀਦਾ ਹੈ। ਗੁਰੂ ਘਰ ਵਿਚ ਡਿਸਪੈਂਸਰੀ ਵੀ ਹੋਣੀ ਚਾਹੀਦੀ ਹੈ ਜਿਥੋਂ ਗਰੀਬ ਲੋਕਾਂ ਨੂੰ ਮੁਫਤ ਦਵਾਈ ਮਿਲ ਸਕੇ। ਹਰੇਕ ਬਲਾਕ ਪੱਧਰ ਤੇ ਇਕ ਗੁਰੂ ਰਵਿਦਾਸ ਚੈਰੀਟੇਬਲ ਹਸਪਤਾਲ ਹੋਣਾ ਚਾਹੀਦਾ ਹੈ। ਇਸ ਦਾ ਪ੍ਰਬੰਧ ਅਤੇ ਖਰਚਾ ਬਲਾਕ ਦੇ ਸਾਰੇ ਪਿੰਡ ਰਲ ਕੇ ਕਰਨ ਤਾਂ ਕਿ ਇਸ ਹਸਪਤਾਲ ਤੋਂ ਗਰੀਬ ਰੋਗੀਆਂ ਨੂੰ ਮੁਫਤ ਸਹੂਲਤ ਮਿਲੇ ਸਕੇ। ਸ਼ਹਿਰ ਵਿਚ ਇਸ ਦਾ ਪ੍ਰਬੰਧ ਸਾਰੇ ਮੁਹੱਲਿਆਂ ਦੇ ਗੁਰੂ ਰਵਿਦਾਸ ਪ੍ਰੇਮੀਆਂ ਨੂੰ ਇਕੱਠੇ ਹੋ ਕੇ ਕਰਨ ਇਸੀ ਬਲਾਕ ਪੱਧਰ ਤੇ ਹਸਪਤਾਲ ਤੋਂ ਵਾਰੀ-ਵਾਰੀ ਆਪਣੇ ਬਲਾਕ ਦੇ ਪਿੰਡਾਂ ਵਿਚ ਫਰੀ ਮੈਡੀਕਲ ਕੈਂਪ ਅਤੇ ਨਸ਼ਾ ਛੁਡਾਊ ਕੈਂਪ ਲਗਾਉਣੇ ਚਾਹੀਦੇ ਹਨ। ਹਰੇਕ ਪਿੰਡ ਵਿਚ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਤੋਂ ਵੱਖਰੀ ਇਕ ਗੁਰੂ ਰਵਿਦਾਸ ਵੈਲਫੇਅਰ ਕਮੇਟੀ ਹੋਵੇ, ਜਿਸ ਦੇ ਮੈਂਬਰ ਨੌਕਰੀ ਪੇਸ਼ੇ ਵਾਲੇ ਜਾਂ ਆਰਥਿਕ ਪੱਖੋਂ ਅਮੀਰ ਹੋਣ। ਪਿੰਡ ਵਿਚ ਅਜਿਹੇ 50-60 ਮੈਂਬਰ ਬਣਾਏ ਜਾਂ ਸਕਦੇ ਹਨ। ਫਿਰ ਇਹਨਾਂ ਮੈਂਬਰਾਂ ਤੋਂ ਪ੍ਰਤੀ ਮਹੀਨਾ 50 ਤੋਂ 100 ਰੁ. ਇਕੱਤਰ ਕੀਤੇ ਜਾਣ। ਇਸ ਤਰ੍ਹਾਂ ਇਕੱਠੀ ਕੀਤੀ ਰਾਸ਼ੀ ਪਿੰਡ ਵਿਚ ਗਰੀਬ ਲੜਕੀ ਦੇ ਵਿਆਹ ਕਿਸੇ ਗਰੀਬ ਦੇ ਇਲਾਜ, ਗਰੀਬ ਬੱਚੇ ਨੂੰ ਪੜਾਉਣ ਵਾਸਤੇ ਫਰੀ ਮੈਡੀਕਲ ਕੈਂਪ ਜਾਂ ਕਿਸੇ ਯੋਗ ਸਮਾਜ ਸੇਵੀ ਕਾਰਜ ਲਈ ਵਰਤਣੀ ਚਾਹੀਦੀ ਹੈ।

ਅਕਸਰ ਦੇਖਿਆ ਜਾਂਦਾ ਹੈ ਕਿ ਜਿਸ ਦਿਨ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਹੁੰਦਾ ਹੈ ਉਸੇ ਦਿਨ ਹੀ ਇਹ ਸਾਰੇ ਪਿੰਡਾਂ, ਮੁਹੱਲਿਆ ਵਿਚ ਮਨਾਇਆ ਜਾਂਦਾ ਹੈ। ਅਜਿਹਾ ਠੀਕ ਨਹੀਂ। ਬਲਾਕ ਪੱਧਰ ਦੇ ਸਾਰੇ ਪਿੰਡਾਂ ਦਾ ਇਕ ਸਾਂਝਾ ਗੁਰੂ ਘਰ ਹੋਵੇ, ਜਿਥੇ ਸਾਰੇ ਪਿੰਡ ਰਲ ਕੇ ਨਿਯਤ ਮਿਤੀ ਤੇ ਆਉਂਦਾ ਗੁਰਪੁਰਬ ਮਨਾਉਣ। ਇਥੋਂ ਹੀ ਸਾਂਝਾ ਵਿਸ਼ਾਲ ਨਗਰ ਕੀਰਤਨ ਕੱਢਿਆ ਜਾਏ। ਜਿਸ ਵਿਚ ਸਾਰੇ ਪਿੰਡਾਂ ਦੀਆਂ ਟਰਾਲੀਆਂ, ਗੱਡੀਆਂ ਤੇ ਝਾਕੀਆਂ ਸ਼ਾਮਲ ਹੋਣ। ਰੌਣਕ ਵਧੇਰੇ ਹੋਵੇ ਅਤੇ ਸਾਰੀ ਕੌਮ ਇਕ ਲੜੀ ਵਿਚ

ਪਰੋਤੀ ਜਾਏ। ਜੇਕਰ ਜ਼ਰੂਰਤ ਹੋਵੇ ਤਾਂ ਸਾਂਝੇ ਨਗਰ ਕੀਰਤਨ ਲਈ ਵਾਰੀ-ਵਾਰੀ ਸਿਰ ਹਰੇਕ ਪਿੰਡ ਨੂੰ ਨਗਰ ਕੀਰਤਨ ਦੀ ਅਗਵਾਈ ਕਰਨ ਦਾ ਮੌਕਾ ਦਿੱਤਾ ਜਵੇ। ਇਸ ਸਾਂਝੇ ਗੁਰੂ ਘਰ ਵਿਚ ਸੁਲਝੇ ਹੋਏ ਰਾਗੀ, ਢਾਡੀ, ਕਥਾ ਵਾਚਕ ਤੇ ਪ੍ਰਚਾਰਕ ਹੋਣ ਜੋ ਸਮੇਂ ਸਿਰ ਆਪਣੇ ਬਲਾਕ ਦੇ ਪਿੰਡਾਂ ਵਿਚ ਬਣੇ ਗੁਰੂ ਰਵਿਦਾਸ ਗੁਰੂ ਘਰਾਂ ਵਿਚ ਜਾ ਕੇ ਮੁਫਤ ਕੀਰਤਨ ਦਰਬਾਰ ਲਗਾਉਣ। ਜਿਵੇਂ ਹਰੇਕ ਸ਼ਨੀਵਾਰ ਕਿਸੇ ਪਿੰਡ ਦੇ ਗੁਰੂ ਘਰ ਵਿਚ ਰਾਤ 8 ਵਜੇ ਤੋਂ 11-12 ਵਜੇ ਤੱਕ ਕੀਰਤਨ ਦਾ ਪ੍ਰੋਗਰਾਮ ਰੱਖਿਆ ਜਆਏ। ਗੁਰੂ ਸਾਹਿਬ ਦੇ ਮਿਸ਼ਨ ਦਾ ਪ੍ਰਚਾਰ ਕੀਤਾ ਜਾਵੇ ਅਤੇ ਕੌਮ ਨੂੰ ਵਹਿਮਾਂ-ਭਰਮਾਂ, ਅੰਧ ਵਿਸ਼ਵਾਸ਼ਾਂ ਅਤੇ ਨਸ਼ਿਆ ਆਦਿ ਦੇ ਨਰਕ ਵਿਚ ਕੱਢ ਕੇ ਗੁਰੂ ਜੀ ਦੀ ਵਿਗਿਆਨਕ ਵਿਚਾਰਧਾਰਾ ਨਾਲ ਜੋੜਿਆ ਜਾਵੇ। ਇਹੀ ਪ੍ਰਚਾਰਕ ਪਿੰਡਾਂ ਵਿਚ ਛੋਟੇ ਬੱਚਿਆਂ ਦੀਆਂ ਕਲਾਸਾਂ ਲਗਾ ਕੇ ਉਹਨਾਂ ਨੂੰ ਫਰੀ ਲਿਟਰੇਚਰ ਪੜਨ ਨੂੰ ਦੇਣ ਅਤੇ ਗੁਰੂ ਸਾਹਿਬ ਦੀ ਤਰਕਸ਼ੀਲ ਵਿਚਾਰਧਾਰਾ ਦੇ ਲੜ ਲਉਣ, ਤਾਂ ਕਿ ਨਵੀਆਂ ਫੁੱਟ ਰਹੀਆਂ ਕਰੂੰਬਲਾਂ ਸਮਾਜ ਦੇ ਭੈੜੇ ਸਾਏ ਤੋਂ ਬੱਚ ਸਕਣ। ਅੱਜਕੱਲ ਮੁਕਾਬਲੇ ਦਾ ਜ਼ਮਾਨਾ ਹੈ ਅਤੇ ਦੁੱਖ ਦੀ ਗੱਲ ਇਹ ਹੈ ਕਿ ਦਲਿਤਾਂ ਪਾਸੋਂ ਰਿਜ਼ਰਵੇਸ਼ਨ ਵੀ ਖੋਹੀ ਜਾ ਰਹੀ ਹੈ। ਅਜਿਹੀ ਸਥਿਤੀ ਵਿਚ ਦਲਿਤ ਸਮਾਜ ਦਾ ਬਾਕੀ ਸਮਾਜਾਂ ਦੇ ਬਰਾਬਰ ਹੋਣਾ ਮੁਸ਼ਕਿਲ ਹੋ ਗਿਆ ਹੈ। ਇਸ ਲਈ ਦਲਿਤ ਵਿਦਿਆਰਥੀਆਂ ਦਾ ਪੜ੍ਹਾਈ ਵੱਲ ਵਧੇਰੇ ਰੁਝਾਨ ਕਰਨਾ ਜ਼ਰੂਰੀ ਹੈ। ਅੱਜਕੱਲ ਹਰੇਕ ਕੋਰਸ ਲਈ ਦਾਖਲਾ ਟੈਸਟ ਪਾਸ ਕਰਨਾ ਪੈਂਦਾ ਹੈ। ਇਹ ਬਲਾਕ ਪੱਧਰ ਦੀਆਂ ਸੰਸਥਾਵਾਂ ਚੰਗੇ ਕੋਰਸ ਜਿਵੇਂ P.M.T., I.E.T., B.C.A. ਆਦਿ ਦੇ ਦਾਖਲੇ ਟੈਸਟ ਲਈ ਦਲਿਤ ਬੱਚਿਆਂ ਨੂੰ ਤਿਆਰ ਕਰਨ ਇਸ ਵਾਸਤੇ ਅਜਿਹੀਆਂ ਸੰਸਥਾਵਾਂ ਤਨਖਾਹ ਤੇ ਨਿਪੁੰਨ ਟੀਚਰ ਰੱਖ ਕੇ ਅਜਿਹੇ ਕੋਰਸਾਂ ਦੇ ਦਾਖਲੇ ਲਈ ਦਲਿਤ ਬੱਚਿਆਂ ਨੂੰ ਟਿਊਸ਼ਨਾਂ ਪੜਾਏ। ਸਾਡੇ ਸਮਾਜ ਦੇ ਬਹੁਤ ਸਾਰੇ ਪੜ੍ਹਾਈ ਵਿਚ ਹੁਸ਼ਿਆਰ ਵਿਦਿਆਰਥੀ ਗਰੀਬੀ ਦੁੱਖੋਂ ਹੀ ਪਛੜ ਜਾਂਦੇ ਹਨ। ਉਹ ਜਾਂ ਤਾਂ ਦਸਵੀਂ ਕਰਕੇ ਹੀ ਹਟ ਜਾਂਦੇ ਹਨ ਜਾਂ ਫਿਰ ਦਸਵੀਂ ਤੋਂ ਬਾਦ ਗਰੀਬੀ ਦੁੱਖੋਂ ਚੰਗੇ ਵਿਸ਼ੇ ਜਿਵੇਂ ਮੈਡੀਕਲ, ਨਾਨ ਮੈਡੀਕਲ ਰੱਖ ਕੇ ਪੜ੍ਹ ਨਹੀਂ ਸਕਦੇ, ਪਰ ਸਾਡੇ ਸਮਾਜ ਵਿਚ ਦਾਨੀ ਪੁਰਸ਼ਾਂ ਦੀ ਵੀ ਕਮੀ ਨਹੀਂ। ਸੋ ਬਲਾਕ ਪੱਧਰ ਦੀਆਂ ਸੰਸਥਾਵਾਂ ਸਮਾਜ ਦੇ ਦਾਨੀ ਪੁਰਸ਼ਾਂ ਨੂੰ ਪ੍ਰੇਰਨਾ ਦੇ ਕੇ ਅਜਿਹੇ ਗਰੀਬ ਬੱਚਿਆਂ ਨੂੰ ਪੜ੍ਹਾਈ ਦਾ ਖਰਚਾ ਦਿਵਾਉਣ।

ਸੋ ਇਸ ਤਰ੍ਹਾਂ ਸਾਨੂੰ ਗੁਰੂ ਰਵਿਦਾਸ ਗੁਰਦੁਆਰਿਆਂ, ਮੰਦਿਰਾਂ ਤੋਂ ਗੁਰੂ ਸਾਹਿਬਾਂ ਦੇ ਮਿਸ਼ਨ ਦਾ ਪ੍ਰਚਾਰ ਤੇ ਸਮਾਜ ਸੇਵਾ ਕਰਕੇ ਦਲਿਤ ਕੌਮ ਦੇ ਭਵਿੱਖ ਨੂੰ ਉੱਜਵਲ ਬਣਾਉਣਾ ਚਾਹੀਦਾ ਹੈ।

# ਵਰਤ ਅਤੇ ਗੁਰਬਾਣੀ

ਬੜੇ ਅਫਸੋਸ ਦੀ ਗੱਲ ਹੈ ਕਿ ਅੱਜ ਚਾਰੇ ਪਾਸੇ ਗੁਰਬਾਣੀ ਦੇ ਚਾਨਣ ਵਿਗਿਆਨ ਦੀ ਢੇਰ ਸਾਰੀ ਤਰੱਕੀ ਹੋਣ ਦੇ ਬਾਵਜੂਦ ਵੀ ਸਾਡੀ ਦਲਿਤ ਕੌਮ ਵਹਿਮਾਂ-ਭਰਮਾਂ ਤੇ ਕਰਮ ਕਾਂਡਾ ਵਿਚ ਫਸੀ ਹੋਈ ਹੈ ਇਕ ਪਾਸੇ ਅਸੀਂ ਗੁਰਬਾਣੀ ਉੱਪਰ ਵਿਸ਼ਵਾਸ ਕਰਦੇ ਹਾਂ ਪਰ ਦੂਜੇ ਪਾਸੇ ਅਜਿਹੇ ਕਰਮ-ਕਾਂਡ ਕਰੀ ਜਾ ਰਹੇ ਹਾਂ ਜਿਨ੍ਹਾਂ ਦਾ ਗੁਰਬਾਣੀ ਨੇ ਖੰਡਨ ਕੀਤਾ ਹੈ। ਜਿਥੇ ਅਸੀਂ ਗੁਰੂ ਰਵਿਦਾਸ ਜੀ ਮਹਾਰਾਜ ਦੀ ਬਾਣੀ ਪੜ੍ਹਦੇ ਹਾਂ, ਗੁਰਪੁਰਬ ਮਨਾਉਂਦੇ ਹਾਂ ਉਥੇ ਅੱਜ ਲੋੜ ਹੈ ਉਨ੍ਹਾਂ ਦੀ ਵਿਚਾਰਧਾਰਾ ਅਤੇ ਉਪਦੇਸ਼ਾਂ ਤੇ ਅਮਲ ਕਰਨ ਦੀ ਕਿਉਂਕਿ ਬਾਬਾ ਫਰੀਦ ਸਾਹਿਬ ਦਾ ਫੁਰਮਾਨ ਹੈ।

ਫਰੀਦਾ ਅਮਲ ਜੇ ਕੀਚੈ ਦੁਨੀ ਵਿਚ ਤਾ ਦਰਗਹ ਆਏ ਕੰਮ॥

ਵਰਤ ਰੱਖਣ ਦੀ ਪ੍ਰਵਿਰਤੀ ਸਾਡੇ ਦਲਿਤ ਸਮਾਜ ਵਿਚ ਬੜੀ ਤੀਬਰਤਾ ਨਾਲ ਫੈਲ ਰਹੀ ਹੈ। ਵਰਤ ਕਈ ਪ੍ਰਕਾਰ ਦੇ ਹਨ ਪਰ ਇਹਨਾਂ ਵਿਚੋਂ ਸਭ ਤੋਂ ਜ਼ਿਆਦਾ ਜਿਹੜਾ ਵਰਤ ਪ੍ਰਚੱਲਿਤ ਹੋ ਰਿਹਾ ਹੈ ਉਹ ਹੈ ਕਰਵਾ ਚੌਥ ਦਾ ਵਰਤ। ਇਹਨਾਂ ਵਰਤਾਂ ਸਬੰਧੀ ਅਸੀਂ (ਲੇਖਕ) ਆਪਣੇ ਵਲੋਂ ਕੁਝ ਨਹੀਂ ਕਹਿੰਦੇ ਲੇਕਿਨ ਗੁਰਬਾਣੀ ਦਾ ਵਰਤਾ ਸਬੰਧੀ ਇੰਝ ਫੁਰਮਾਨ ਹੈ।

ਵਰਤ ਨ ਰਹਉ ਨ ਮਹਰਮਦਾਨਾ।
ਤਿਸ ਸੇਵੀ ਜੋ ਰਖੈ ਨਿਦਾਨਾ॥ (ਗੁਰੂ ਗ੍ਰੰਥ ਸਾਹਿਬ ਪੰਨਾ ੧੧੩੬)
ਅਨੁ ਨ ਖਾਹਿ ਦੇਹੀ ਦੁਖੁ ਦੀਜੈ
ਬਿਨੁ ਗੁਰ ਗਿਆਨ ਤ੍ਰਿਪਤ ਨਹੀਂ ਥੀਜੈ॥
(ਗੁਰੂ ਗ੍ਰੰਥ ਸਾਹਿਬ ਪੰਨਾ ੯੦੫)
ਭੁਖਿਆ ਭੁਖ ਨ ਉਤਰੇ ਜੇ ਬੰਨਾ ਪੁਰੀਆਂ ਭਾਰ॥
(ਜਪੁ ਜੀ ਸਾਹਿਬ)

ਇਸ ਸਬੰਧੀ ਸਤਿਗੁਰ ਕਬੀਰ ਜੀ ਗੋਂਡ ਰਾਗ ਅਤੇ ਆਪਣੇ ਸਲੋਕਾਂ ਵਿਚ ਫੁਰਮਾਨ ਕਰਦੇ ਹਨ।

ਛੋਡਹਿ ਅੰਨ ਕਰਹਿ ਪਾਖੰਡ
ਨਾ ਸੁਹਾਗਨਿ ਨਾ ਓਹ ਰੰਡ॥
ਅੰਨੈ ਬਿਨਾ ਨ ਹੋਇ ਸੁਕਾਲੁ,
ਤਜੀਐ ਅੰਨਿ ਨ ਮਿਲੈ ਗੁਪਾਲ॥
(ਗੁਰੂ ਗ੍ਰੰਥ ਸਾਹਿਬ ਪੰਨਾ ੮੭੩)
ਕਬੀਰ ਹਰਿ ਕਾ ਸਿਮਰਨੁ ਛਾਡਿ ਕੈ,
ਅਹੋਈ ਰਾਖੈ ਨਾਰਿ॥
ਗਦਹੀ ਹੋਇ ਕੈ ਅਉਤਰੈ,
ਭਾਰ ਸਹੈ ਮਨ ਚਾਰਿ॥
(ਗੁਰੂ ਗ੍ਰੰਥ ਸਾਹਿਬ ਪੰਨਾ ੧੩੭੦)

ਸੋ ਹੁਣ ਦਲਿਤ ਸਮਾਜ ਦੀਆਂ ਬੀਬੀਆਂ ਦੀ ਮਰਜੀ ਹੈ ਕਿ ਉਹਨਾਂ ਨੇ ਆਪਣੇ ਗੁਰੂ ਸਾਹਿਬਾਂ ਦੇ ਉਪਰੋਕਤ ਉਪਦੇਸ਼ ਮੰਨਣੇ ਹਨ ਜਾ ਵਰਤ ਰੱਖਣੇ ਹਨ।

# ਸਭਾ ਨੂੰ ਸਹਾਇਤਾ ਭੇਜਣ ਵਾਲੇ ਗੁਰੂ ਪ੍ਰੇਮੀਆਂ ਦੇ ਨਾਮ

| | |
|---|---|
| 1. ਸ਼੍ਰੀ ਮੰਗੂ ਰਾਮ ਜਸਪਾਲ ਬੇਗਮਪੁਰ ਆਸ਼ਰਮ ਭੂੰਗਾ ਹੁਸ਼ਿਆਰਪੁਰ | 500 ਰੁਪਏ |
| 2. ਸ਼੍ਰੀ ਨਿਰਮਲ ਚੰਦ ਪਿੰਡ ਖੁਰਲਾ ਕਿੰਗਰਾ ਜਲੰਧਰ | 500 ਰੁਪਏ |
| 3. ਸ਼੍ਰੀ ਸਤਿਵਿੰਦਰ ਮਡਾਰ, ਗੁਰੂ ਰਵਿਦਾਸ ਸਾਰਾਨੀ ਕਲਕੱਤਾ | 300 ਰੁਪਏ |
| 4. ਸ਼੍ਰੀ ਤੋਤਾ ਮੱਲ ਪਿੰਡ ਆਹਨ ਖੇੜੀ ਜ਼ਿਲ੍ਹਾ ਸੰਗਰੂਰ | 150 ਰੁਪਏ |
| 5. ਸ਼੍ਰੀ ਗੁਰਦਿਆਲ ਸਿੰਘ ਪਿੰਡ ਝਿੰਗੜ ਕਲਾਂ,ਹੁਸ਼ਿਆਰਪੁਰ | 125 ਰੁਪਏ |
| 6. ਸ਼੍ਰੀ ਚਮਨ ਸਿੰਘ ਪਿੰਡ ਨੰਗਲ ਅਰਾਈਆ, ਜਲੰਧਰ | 100 ਰੁਪਏ |
| 7. ਸ਼੍ਰੀ ਰਣਜੀਤ ਸਿੰਘ ਪਿੰਡ ਚਮਿਆਰੀ, ਜਲੰਧਰ | 100 ਰੁਪਏ |
| 8. ਸ਼੍ਰੀ ਸਾਲਗ ਰਾਮ ਪਿੰਡ ਖੁਰਲਾ ਕਿੰਗਰਾ, ਜਲੰਧਰ | 100 ਰੁਪਏ |
| 9. ਸ਼੍ਰੀ ਅਮਰ ਚੰਦ ਮਹੇ ਪਿੰਡ ਅਲੀਵਿਲੀ ਤੰਹਿ. ਨਕੋਦਰ | 130 ਰੁਪਏ |
| 10. ਸ਼੍ਰੀ ਸਰਬਜੀਤ ਪਿੰਡ ਮਾਣਕਢੇਰੀ, ਜਲੰਧਰ | 365 ਰੁਪਏ |
| 11. ਸੰਤ ਗੁਰਦੇਵ ਸਿੰਘ ਪਿੰਡ ਬਜੂਹਾ, ਜਲੰਧਰ | 50 ਰੁਪਏ |
| 12. ਡਾ. ਰਜਿੰਦਰ ਕੁਮਾਰ ਪਿੰਡ ਕਾਜਲ, ਨਵਾਂ ਸ਼ਹਿਰ | 50 ਰੁਪਏ |
| 13. ਸ਼੍ਰੀ ਚੰਦਰ ਹੰਸ ਪਿੰਡ ਆਹਨ ਖੇੜੀ, ਸੰਗਰੂਰ | 50 ਰੁਪਏ |

ਪਿਆਰੀ ਸਾਧ ਸੰਗਤ ਜੀ, ਇਸ ਸਭਾ ਦੇ ਮੈਂਬਰ ਮਜ਼ਦੂਰ ਜਾਂ ਬੇਰੁਜ਼ਗਾਰ ਹਨ। ਇਸ ਸਭਾ ਦਾ ਹੋਰ ਆਮਦਨੀ ਦਾ ਸਰੋਤ ਵੀ ਨਹੀਂ ਹੈ। ਇਹ ਟ੍ਰੈਕਟ ਛਾਪ ਕੇ ਮੁਫ਼ਤ ਵੰਡਣ ਦਾ ਕਾਰਜ ਮੈਂਬਰਾਂ ਦੀ ਭੇਟਾ ਅਤੇ ਸਾਧ ਸੰਗਤ ਦੇ ਸਹਿਯੋਗ ਨਾਲ ਹੀ ਕੀਤਾ ਜਾਂਦਾ ਹੈ। ਸੋ ਆਪਣੇ ਦਸਾ ਨੌਂਹਾਂ ਦੀ ਕਿਰਤ ਵਿਚੋਂ ਕੁਝ ਭੇਟਾ ਇਸ ਫਰੀ ਲਿਟਰੇਚਰ ਸੇਵਾ ਲਈ ਟ੍ਰੈਕਟ ਵਿਚ ਦਿੱਤੇ ਪਤੇ ਤੇ ਭੇਜਣ ਦੀ ਕ੍ਰਿਪਲਾਤਾ ਕਰੋ ਤਾਂ ਕਿ ਗੁਰੂ ਸਾਹਿਬ ਦੇ ਮਿਸ਼ਨ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾ ਸਕੇ।

# ਜ਼ਰੂਰੀ ਬੇਨਤੀਆਂ

* ਗੁਰੂ ਰਵਿਦਾਸ ਗੁਰਦੁਆਰਾ ਕਮੇਟੀਆਂ ਨੂੰ ਅਪੀਲ ਹੈ ਕਿ ਉਹ ਆਪਣੇ ਆਪਣੇ ਨਾਮ ਹੇਠ ਅਜਿਹੇ ਗੁਰੂ ਰਵਿਦਾਸ ਮਿਸ਼ਨ ਟ੍ਰੈਕਟ ਛਾਪ ਕੇ ਮੁਫਤ ਵੰਡਣ ਦਾ ਉਪਰਾਲਾ ਕਰੋ। ਇਸ ਵਾਸੇ ਉਹ ਸਾਡੀ ਸਭਾ ਪਾਸੋਂ ਸਭਾ ਪਾਸੋਂ ਗੁਰੂ ਰਵਿਦਾਸ ਮਿਸ਼ਨ ਦਾ ਛਪਣਯੋਗ ਲਿਟਰੇਚਰ ਅਤੇ ਸਲਾਹ ਮੁਫਤ ਲੈ ਸਕਦੇ ਹਨ।
* ਇਸ ਸੰਸਥਾ ਕੋਲ ਟ੍ਰੈਕਟ ਨੰਬਰ 1 ਤੋਂ 6 ਤੱਕ ਖਤਮ ਹੋ ਚੁੱਕੇ ਹਨ ਜੀ।
* ਇਸ ਹਥਲੇ ਟ੍ਰੈਕਟ ਨਾਲ ਇਕ ਹਿੰਦੀ ਟ੍ਰੈਕਟ ਵੀ ਛਾਪਿਆ ਜਾ ਰਿਹਾ ਹੈ। 25 ਪੈਸੇ ਦੇ ਪੋਸਟ ਕਾਰਡ ਤੇ ਆਪਣਾ ਪੂਰਾ ਪਤਾ ਭੇਜ ਕੇ ਇਹ ਟ੍ਰੈਕਟ ਮੰਗਵਾਇਆ ਜਾ ਸਕਦਾ ਹੈ।
* ਇਸ ਸਭਾ ਵਲੋਂ ਪ੍ਰਕਾਸ਼ਿਤ ਗੁਰੂ ਰਵਿਦਾਸ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਚਾਲੀ ਸ਼ਬਦ ਅਤੇ ਇਕ ਸ਼ਲੋਕ ਦਾ ਗੁਟਕਾ ਸਾਹਿਬ ਤੁਸੀਂ ਛੇ ਰੁਪਏ ਦੀਆਂ ਡਾਕ ਟਿਕਟਾਂ ਭੇਜ ਕੇ ਮੰਗਵਾ ਸਕਦੇ ਹੋ।
* ਇਹ ਹਥਲਾ ਟ੍ਰੈਕਟ ਅਗਰ ਤੁਸੀਂ ਆਪਣੇ ਇਲਾਕੇ ਵਿਚ ਮੁਫਤ ਵੰਡਣਾ ਚਾਹੁੰਦੇ ਹੋ ਤਾਂ ਇਸ ਸਾਡੇ ਪਾਸੋਂ 150 ਰੁ. ਸੈਂਕੜੇ ਦੇ ਹਿਸਾਬ ਨਾਲ ਮੰਗਵਾ ਸਕਦੇ ਹੋ। ਇਸ ਵਾਸਤੇ ਪਹਿਲਾਂ ਮਨੀਆਰਡਰ ਭੇਜੋ। ਜਾਂ ਚਿੱਠੀ ਪੱਤਰ ਕਰੋ ਜੀ।
* ਆਪਣੀ ਕੌਮ ਨੇ ਗੁਰੂ ਰਵਿਦਾਸ ਜੀ ਦੇ ਪਾਵਨ ਜਨਮ ਅਸਥਾਨ ਮੰਦਰ ਸੀਰ ਗੋਵਰਧਨਪੁਰ ਸਾਹਿਬ ਨੂੰ 'ਬੇਗਮਪੁਰਾ ਸਾਹਿਬ' ਦਾ ਨਾਮ ਦਿੱਤਾ। ਸੋ ਹੁਣ ਇਸ ਨੂੰ 'ਬੇਗਮਪੁਰਾ ਸਾਹਿਬ' ਸ਼ਬਦ ਨਾਲ ਸੰਬੋਧਨ ਕੀਤਾ ਜਾਵੇ ਜੀ।
* ਅਸੀਂ ਰਵਿ ਪ੍ਰਕਾਸ਼ ਪ੍ਰਿੰਟਿੰਗ ਪ੍ਰੈਸ ਮੁਹੱਲਾ ਸੁੰਦਰ ਨਗਰ ਜਲੰਧਰ ਦੇ ਪ੍ਰਬੰਧਕਾਂ ਦੇ ਅਤੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਹ ਟ੍ਰੈਕਟ ਛਾਪ ਕੇ ਸਾਨੂੰ ਬਹੁਤ ਸਹਿਯੋਗ ਦਿੱਤਾ ਹੈ।
* ਕਿਰਪਾ ਕਰਕੇ ਮਿਸ਼ਨ ਪ੍ਰਚਾਰ ਸਬੰਧੀ ਆਪਣੇ ਕੀਮਤੀ ਸੁਝਾਅ ਸਾਨੂੰ ਲਿਖ ਕੇ ਭੇਜੋ ਜੀ।

ਪਤਾ-ਰਾਜ ਕੁਮਾਰ 'ਦੜੋਚ'
ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ
ਪਿੰਡ ਤੇ ਡਾ. ਬਿਨਪਾਲਕੇ ਨੇੜੇ ਭੋਗਪੁਰ
ਜ਼ਿਲ੍ਹਾ ਜਲੰਧਰ-144201